## ਜਮਾਤ-ਅੱਠਵੀਂ

## ਵਿਸ਼ਾ-**ਪੰਜਾਬੀ (ਪਹਿਲੀ ਭਾਸ਼ਾ)**

ਅਕਾਦਮਿਕ ਸਾਲ 2022-2023

ਵਿਲੱਖਣ ਪ੍ਰਤਿਭਾ ਵਾਲ਼ੇ ਬੱਚਿਆਂ ਦੇ ਮੁਲਾਂਕਣ ਲਈ ਪ੍ਰਸ਼ਨ-ਪੱਤਰ ਦੀ ਰੂਪ-ਰੇਖਾ

**ਸਾਲਾਨਾ ਮੁਲਾਂਕਣ .......................................ਕੁੱਲ ਅੰਕ-80**

| | | | |
|---|---|---|---|
| ਭਾਗ-ੳ | (ਕੁੱਲ ਅੰਕ-40) | | |
| **ਪ੍ਰਸ਼ਨ-1** ਤੋਂ ਪ੍ਰਸ਼ਨ-7 | ਦਿੱਤੇ ਗਏ 7 ਬਹੁਵਿਕਲਪੀ ਪ੍ਰਸ਼ਨਾਂ ਵਿੱਚੋਂ ਕੋਈ 5 ਪ੍ਰਸ਼ਨਾਂ ਦੇ ਉੱਤਰ ਦੇਣਾ।(ਹਰ ਪ੍ਰਸ਼ਨ ਦੇ ਉੱਤਰ ਲਈ 4 ਵਿਕਲਪ ਦਿੱਤੇ ਜਾਣਗੇ।) | **5×2** | **10** |
| **ਪ੍ਰਸ਼ਨ-8** | ਦਿੱਤੇ ਗਏ 7 ਸ਼ਬਦਾਂ ਵਿੱਚੋਂ ਕੋਈ 5 ਸ਼ਬਦਾਂ ਦਾ ਸਹੀ ਸ਼ਬਦਾਂ ਨਾਲ਼ ਮਿਲਾਣ ਕਰਨਾ। | **5×2** | **10** |
| **ਪ੍ਰਸ਼ਨ- 9** ਤੋਂ ਪ੍ਰਸ਼ਨ-15 | ਦਿੱਤੀਆਂ ਗਈਆਂ 7 ਖਾਲੀ ਥਾਂਵਾਂ ਵਿੱਚੋਂ ਕੋਈ 5 ਖਾਲੀ ਥਾਂਵਾਂ ਭਰਨਾ।(ਬ੍ਰੈਕਟ ਵਿੱਚ 2 ਵਿਕਲਪ ਦਿੱਤੇ ਜਾਣਗੇ।) | **5×2** | **10** |
| **ਪ੍ਰਸ਼ਨ-16** ਤੋਂ ਪ੍ਰਸ਼ਨ-22 | ਦਿੱਤੇ ਗਏ 7 ਵਾਕਾਂ ਵਿੱਚੋਂ ਕੋਈ 5 ਵਾਕਾਂ ਲਈ ਸਹੀ/ਗ਼ਲਤ ( ✓/✗) ਦਾ ਨਿਸ਼ਾਨ ਲਗਾਉਣਾ। | **5×2** | **10** |
| ਭਾਗ-ਅ | (ਕੁੱਲ ਅੰਕ-15) | | |
| **ਪ੍ਰਸ਼ਨ-23** ਤੋਂ ਪ੍ਰਸ਼ਨ-29 | ਦਿੱਤੇ ਗਏ 7 ਪ੍ਰਸ਼ਨਾਂ ਵਿੱਚੋਂ ਕੋਈ 5 ਪ੍ਰਸ਼ਨਾਂ ਦੇ ਇੱਕ ਜਾਂ ਦੋ ਵਾਕਾਂ ਵਿੱਚ ਉੱਤਰ ਦੇਣਾ। | **5×3** | **15** |
| ਭਾਗ-ੲ | (ਕੁੱਲ ਅੰਕ-20) | | |
| **ਪ੍ਰਸ਼ਨ-** 30 | ਦਿੱਤੇ ਗਏ ਸੰਕੇਤਾਂ/ਰੂਪ ਰੇਖਾਵਾਂ 'ਤੇ ਅਧਾਰਿਤ 2 ਲੇਖਾਂ ਵਿੱਚੋਂ ਕੋਈ 1 ਲੇਖ ਰਚਨਾ ਕਰਨਾ। | **1×10** | **10** |
| **ਪ੍ਰਸ਼ਨ-** 31 | ਦਿੱਤੇ ਗਏ ਸੰਕੇਤਾਂ/ਰੂਪ ਰੇਖਾਵਾਂ 'ਤੇ ਅਧਾਰਿਤ 2 ਵਿੱਚੋਂ ਕੋਈ 1 ਬਿਨੈ-ਪੱਤਰ ਲਿਖਣਾ। | **1×6** | **6** |
| **ਪ੍ਰਸ਼ਨ-** 32 | ਦਿੱਤੇ ਗਏ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ । | **1×4** | **6** |
| ਸੁੰਦਰ ਲਿਖਾਈ- ਕੁੱਲ ਅੰਕ-05 | | | |

ਜਮਾਤ- ਅੱਠਵੀਂ

ਅਕਾਦਮਿਕ ਸਾਲ 2022-2023

ਵਿਲੱਖਣ ਪ੍ਰਤਿਭਾ ਵਾਲ਼ੇ ਬੱਚਿਆਂ ਦੇ ਮੁਲਾਂਕਣ ਲਈ 300 ਪ੍ਰਸ਼ਨਾਂ ਦਾ ਪ੍ਰਸ਼ਨ-ਬੈਂਕ

| | |
|---|---|
| ਭਾਗ-ੳ | (ਕੁੱਲ ਪ੍ਰਸ਼ਨ-250) |
| **ਪ੍ਰਸ਼ਨ-001** ਤੋਂ ਪ੍ਰਸ਼ਨ-060 | ਬਹੁਵਿਕਲਪੀ ਪ੍ਰਸ਼ਨ (ਹਰ ਪ੍ਰਸ਼ਨ ਦੇ ਉੱਤਰ ਲਈ 4 ਵਿਕਲਪ ਦਿੱਤੇ ਜਾਣਗੇ।) |
| **ਪ੍ਰਸ਼ਨ-061** ਤੋਂ ਪ੍ਰਸ਼ਨ-120 | ਦਿੱਤੇ ਗਏ ਸ਼ਬਦਾਂ ਦਾ ਸਹੀ ਸ਼ਬਦਾਂ ਨਾਲ਼ ਮਿਲਾਣ ਕਰਨਾ। |
| **ਪ੍ਰਸ਼ਨ-121** ਤੋਂ ਪ੍ਰਸ਼ਨ-185 | ਦਿੱਤੀਆਂ ਗਈਆਂ ਖਾਲੀ ਥਾਂਵਾਂ ਭਰਨਾ।(ਬ੍ਰੈਕਟ ਵਿੱਚ 2 ਵਿਕਲਪ ਦਿੱਤੇ ਜਾਣਗੇ।) |
| **ਪ੍ਰਸ਼ਨ-186** ਤੋਂ ਪ੍ਰਸ਼ਨ-250 | ਦਿੱਤੇ ਗਏ ਵਾਕਾਂ ਲਈ ਸਹੀ/ਗ਼ਲਤ ( ✓/✗) ਦਾ ਨਿਸ਼ਾਨ ਲਗਾਉਣਾ। |
| ਭਾਗ-ਅ | (ਕੁੱਲ ਪ੍ਰਸ਼ਨ-35) |
| **ਪ੍ਰਸ਼ਨ-251** ਤੋਂ ਪ੍ਰਸ਼ਨ-285 | ਦਿੱਤੇ ਗਏ ਪ੍ਰਸ਼ਨਾਂ ਦੇ ਇੱਕ ਜਾਂ ਦੋ ਵਾਕਾਂ ਵਿੱਚ ਉੱਤਰ ਦੇਣਾ। |
| ਭਾਗ-ੲ | (ਕੁੱਲ ਪ੍ਰਸ਼ਨ-15) |
| **ਪ੍ਰਸ਼ਨ-286** ਤੋਂ ਪ੍ਰਸ਼ਨ-290 | ਦਿੱਤੇ ਗਏ ਸੰਕੇਤਾਂ/ਰੂਪ ਰੇਖਾਵਾਂ 'ਤੇ ਅਧਾਰਿਤ ਲੇਖ ਰਚਨਾ ਕਰਨਾ। |
| **ਪ੍ਰਸ਼ਨ-291** ਤੋਂ ਪ੍ਰਸ਼ਨ-295 | ਦਿੱਤੇ ਗਏ ਸੰਕੇਤਾਂ/ਰੂਪ ਰੇਖਾਵਾਂ 'ਤੇ ਅਧਾਰਿਤ ਬਿਨੈ-ਪੱਤਰ ਲਿਖਣਾ। |
| **ਪ੍ਰਸ਼ਨ-296** ਤੋਂ ਪ੍ਰਸ਼ਨ-300 | ਦਿੱਤੇ ਗਏ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋਂ ਕਿ ਅਰਥ ਸਪਸ਼ਟ ਹੋ ਜਾਣ । |

## ਭਾਗ–ੳ

1. ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰਾਂ ਲਈ ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਵਿਕਲਪ 'ਤੇ ਗੋਲ਼ਾ ਲਾਓ

ਪ੍ਰਸ਼ਨ-1 ' ਗਾਥਾ ' ਸ਼ਬਦ ਦਾ ਕੀ ਅਰਥ ਹੈ?

1 ਕਵਿਤਾ 2 ਕਹਾਣੀ 3 ਇਕਾਂਗੀ 4 ਨਾਟਕ

ਪ੍ਰਸ਼ਨ-2 ' ਜੈ ਭਾਰਤ ਮਾਤਾ ' ਕਵਿਤਾ ਕਿਸ ਨੇ ਲਿਖੀ ਹੈ?

1 ਸ਼ਿਵ ਕੁਮਾਰ ਬਟਾਲਵੀ 2 ਦਰਸ਼ਨ ਸਿੰਘ ਆਸ਼ਟ

3 ਧਨੀ ਰਾਮ ਚਾਤ੍ਰਿਕ 4 ਕੁਲਦੀਪ ਸਿੰਘ

ਪ੍ਰਸ਼ਨ- 3 ' ਪੇਮੀ ਦੇ ਨਿਆਣੇ ' ਕਹਾਣੀ ਵਿੱਚ ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ?

1 ਸ਼ਹਿਰ 2 ਆਪਣੇ ਖੇਤ 3 ਪਿੰਡ 4 ਬਜ਼ਾਰ

ਪ੍ਰਸ਼ਨ-4 ਮਦਰੱਸਾ ਸ਼ਬਦ ਤੋਂ ਕੀ ਭਾਵ ਹੈ

1 ਵੀਰ 2 ਸਕੂਲ 3 ਪਿਆਰ 4 ਧੀਰਜ

ਪ੍ਰਸ਼ਨ -5 ' ਛਿੰਝ ਛਰਾਹਾਂ ਦੀ ' ਦਾ ਮੇਲਾ ਕਿਸ ਪਿੰਡ ਵਿਚ ਲੱਗਦਾ ਹੈ?

1 ਅਚਲਪੁ। 2 ਬੀਰਸਗੜ੍ਹ 3 ਕਦਮ ਪੁਰ 4 ਪਾਇਲ

ਪ੍ਰਸ਼ਨ -6 'ਮੁਹਾਲ' ਸ਼ਬਦ ਦਾ ਕੀ ਅਰਥ ਹੈ?

1 ਔਖਾ 2 ਸੌਖਾ 3 ਕੇਵਲ 4 ਸੋਹਣਾ

ਪ੍ਰਸ਼ਨ-7 ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ' ਦੋਹਿਤਾ ਬਾਣੀ ਕਾ ਬੋਹਿਥਾ ' ਦਾ ਵਰ ਕਿਸ ਨੇ ਦਿੱਤਾ?

1 ਸ੍ਰੀ ਗੁਰੂ ਅੰਗਦ ਦੇਵ ਜੀ 2 ਸ੍ਰੀ ਗੁਰੂ ਅਮਰਦਾਸ ਜੀ

3 ਸ੍ਰੀ ਗੁਰੂ ਰਾਮਦਾਸ ਜੀ 4 ਸ੍ਰੀ ਗੁਰੂ ਅਰਜਨ ਦੇਵ ਜੀ ਨੇ

ਪ੍ਰਸ਼ਨ-8 ਸਿੱਖਾਂ ਦੇ ਪੰਜਵੇਂ ਗੁਰੂ ਸਾਹਿਬ ਦਾ ਕੀ ਨਾਂ ਹੈ?

1 ਸ੍ਰੀ ਗੁਰੂ ਨਾਨਕ ਦੇਵ ਜੀ 2 ਸ੍ਰੀ ਗੁਰੂ ਰਾਮਦਾਸ ਜੀ

3 ਸ੍ਰੀ ਗੁਰੂ ਅਰਜਨ ਦੇਵ ਜੀ 4 ਸ੍ਰੀ ਗੁਰੂ ਤੇਗ ਬਹਾਦਰ ਜੀ

ਪ੍ਰਸ਼ਨ-9 ਭਰਪੂਰ ਸ਼ਬਦ ਦਾ ਕੀ ਅਰਥ ਹੈ?

1 ਖ਼ਾਲੀ 2 ਭਰੇ ਹੋਏ 3 ਮਿੱਧੇ ਹੋਏ 4 ਵਿਸ਼ਵਾਸ

ਪ੍ਰਸ਼ਨ-10 'ਦਲੇਰੀ' ਕਹਾਣੀ ਅਨੁਸਾਰ ਬਲਜੀਤ ਨੂੰ ਕਿਹੜੀ ਖੇਡ ਖੇਡਣ ਦਾ ਸ਼ੌਂਕ ਸੀ?

1 ਤਰਾਕੀ 2 ਫੁੱਟਬਾਲ 3 ਕ੍ਰਿਕਟ 4 ਰੱਸਾ ਕੱਸੀ

ਪ੍ਰਸ਼ਨ-11 ਚੰਡੀਗੜ੍ਹ ਜਾਣ ਤੋਂ ਪਹਿਲਾਂ ਬੱਚੇ ਕਿੱਥੇ ਗਏ?

1 ਸੁਖਨਾ ਝੀਲ 2 ਰੌਕ ਗਾਰਡਨ

3 ਪੰਜਾਬੀ ਯੂਨੀਵਰਸਿਟੀ 4 ਛੱਤਬੀੜ ਚਿੜੀਆ ਘਰ

ਪ੍ਰਸ਼ਨ-12 'ਰੀਝ' ਸ਼ਬਦ ਦਾ ਕੀ ਅਰਥ ਹੈ?

1 ਸ਼ੌਕ 2 ਤਰੀਕਾ 3 ਸੈਰ 4 ਕੋਸ਼ਿਸ਼

ਪ੍ਰਸ਼ਨ-13 'ਰੂਪਨਗਰ' ਸ਼ਹਿਰ ਦਾ ਪਹਿਲਾ ਨਾਂ ਕੀ ਸੀ?

1 ਮੋਕਲਹਰ 2 ਰੋਪੜ 3 ਰੱਖੜ 4 ਸੰਘੋਲ

ਪ੍ਰਸ਼ਨ-14 'ਰੂਪਨਗਰ' ਸ਼ਹਿਰ ਕਿਹੜੇ ਦਰਿਆ ਉੱਤੇ ਸਥਿਤ ਹੈ?

1 ਸਤਲੁਜ 2 ਬਿਆਸ 3 ਰਾਵੀ 4 ਚਨਾਬ

ਪ੍ਰਸ਼ਨ-15 ਬਾਬਾ ਫ਼ਰੀਦ ਜੀ ਦਾ ਜਨਮ ਕਿੱਥੇ ਹੋਇਆ ?

1 ਮੁਲਤਾਨ 2 ਪਿਸ਼ਾਵਰ 3 ਫ਼ਰੀਦਕੋਟ 4 ਦਿੱਲੀ

ਪ੍ਰਸ਼ਨ-16 ਲੋਕ ਕਿਸ ਨੂੰ ਸ਼ੱਕਰਗੰਜ ਕਹਿ ਕੇ ਯਾਦ ਕਰਦੇ ਹਨ?

1 ਭਗਤ ਰਵਿਦਾਸ ਜੀ 2 ਭਗਵਾਨ ਬਾਲਮੀਕ ਜੀ

3 ਬਾਬਾ ਫ਼ਰੀਦ ਜੀ 4 ਸੈਨ ਭਗਤ ਜੀ

ਪ੍ਰਸ਼ਨ-17 ' ਪੰਜਾਬ ' ਕਵਿਤਾ ਦਾ ਲੇਖਕ ਕੌਣ ਹੈ?

1 ਅੰਮ੍ਰਿਤਾ ਪ੍ਰੀਤਮ 2 ਹਰਭਜਨ ਸਿੰਘ ਹੁੰਦਲ

3 ਧਨੀ ਰਾਮ ਚਾਤ੍ਰਿਕ 4 ਸ਼ਿਵ ਕੁਮਾਰ

ਪ੍ਰਸ਼ਨ-18 ' ਹਰਿਔਲ ' ਸ਼ਬਦ ਦਾ ਕੀ ਅਰਥ ਹੈ?

1 ਬੰਜਰ 2 ਹਰਿਆਵਲ 3 ਰੱਬੀ 4 ਸ਼ਹਿਦ

ਪ੍ਰਸ਼ਨ-19 ' ਭੀਖੂ ' ਨਿਮਨ ਵਿੱਚੋਂ ਕਿਸ ਕਹਾਣੀ ਦਾ ਪਾਤਰ ਹੈ?

1 ਪੇਮੀ ਦੇ ਨਿਆਣੇ 2 ਦਲੇਰੀ 3 ਹਰਿਆਵਲ ਦੇ ਬੀਜ 4 ਸਾਂਝੀ ਮਾਂ

ਪ੍ਰਸ਼ਨ- 20 ਫ਼ਕੀਰ ਨੇ ਭੀਖੂ ਨੂੰ ਕੀ ਕਰਨ ਲਈ ਪ੍ਰੇਰਿਤ ਕੀਤਾ?

1 ਰੁੱਖ ਵੱਢਣ ਲਈ 2 ਰੁੱਖ ਲਾਉਣ ਲਈ

3 ਸ਼ਹਿਰ ਜਾਣ ਲਈ 4 ਇਹਨਾਂ ਵਿਚੋਂ ਕੋਈ ਨਹੀਂ

ਪ੍ਰਸ਼ਨ-21 ਹੇਠ ਲਿਖਿਆਂ ਵਿੱਚੋਂ ਕਿਹੜਾ ਪੰਜਾਬ ਦਾ ਲੋਕ ਨਾਚ ਨਹੀਂ ਹੈ?

1 ਗਿੱਧਾ 2 ਭੰਗੜਾ 3 ਲੁੱਡੀ 4 ਗਰਭਾ

ਪ੍ਰਸ਼ਨ-22 ' ਅਵਸਰ ' ਸ਼ਬਦ ਦਾ ਕੀ ਅਰਥ ਹੈ?

1 ਘੇਰਾ 2 ਮੌਕਾ 3 ਖ਼ਾਸ 4 ਕੱਚਾ

ਪ੍ਰਸ਼ਨ-23 ਡਾ.ਮਹਿੰਦਰ ਸਿੰਘ ਰੰਧਾਵਾ ਨੂੰ ਕਿਸ ਸ਼ਹਿਰ ਦਾ ਮੁੱਖ ਕਮਿਸ਼ਨਰ ਲਾਇਆ ਗਿਆ?

1 ਦਿੱਲੀ 2 ਚੰਡੀਗੜ੍ਹ 3 ਪਾਂਡੀਚਰੀ 4 ਅੰਮ੍ਰਿਤਸਰ

ਪ੍ਰਸ਼ਨ-24 ਹੇਠ ਲਿਖਿਆਂ ਵਿੱਚੋਂ ਕਿਹੜੀ ਰੁੱਤ ਨਹੀਂ ਹੈ?

1 ਗਰਮੀ 2 ਸਰਦੀ 3 ਪੱਤਝੜ 4 ਸੂਰਜ

ਪ੍ਰਸ਼ਨ-25 'ਵਾਯੂ' ਤੋਂ ਕੀ ਭਾਵ ਹੈ?

1 ਸੂਰਜ 2 ਪਾਣੀ 3 ਹਵਾ 4 ਪ੍ਰਿਥਵੀ

ਪ੍ਰਸ਼ਨ-26 'ਸਾਂਝੀ ਮਾਂ' ਕਹਾਣੀ ਵਿਚਲੇ ਪਾਤਰ ਦਾ ਨਾਂ ਕੀ ਹੈ?

1 ਪੰਜਾਬ ਕੌਰ 2 ਕਸ਼ਮੀਰ ਕੌਰ

3 ਹਰਦੁਆਰ ਕੌਰ 4 ਬਸੰਤ ਕੌਰ

ਪ੍ਰਸ਼ਨ-27 ਸਾਡਾ ਰਾਸ਼ਟਰੀ ਗਾਣ 'ਜਨ-ਗਣ-ਮਨ' ਕਿਸ ਦੁਆਰਾ ਲਿਖਿਆ ਗਿਆ ਹੈ?

1 ਅਰਬਿੰਦੋ ਘੋਸ਼ 2 ਮੌਲਾਨਾ ਅਬੁਲ ਕਲਾਮ ਆਜ਼ਾਦ

3 ਮੁਹੰਮਦ ਇਕਬਾਲ 4 ਰਵਿੰਦਰਨਾਥ ਟੈਗੋਰ

ਪ੍ਰਸ਼ਨ-28 'ਸੀਸ ਤਲੀ ਤੇ ਰੱਖਣਾ ਜਾਣਦੇ ਹਾਂ' ਪੰਕਤੀ ਵਿੱਚ ਸੀਸ ਸ਼ਬਦ ਤੋਂ ਕੀ ਭਾਵ ਹੈ?

1 ਪੈਰ 2 ਸਿਰ 3 ਹੱਥ 4 ਧੌਣ

ਪ੍ਰਸ਼ਨ-29 ਲੋਹੜੀ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਦੀ ਆਖਰੀ ਰਾਤ ਨੂੰ ਮਨਾਇਆ ਜਾਂਦਾ ਹੈ?

1 ਮੱਘਰ 2 ਪੋਹ 3 ਮਾਘ 4 ਫੱਗਣ

ਪ੍ਰਸ਼ਨ-30 'ਹਾਕੀ ਦਾ ਜਾਦੂਗਰ' ਕਿਸ ਨੂੰ ਕਿਹਾ ਜਾਂਦਾ ਹੈ?

1 ਦਿਲੀਪ ਟਿਰਕੀ 2 ਪਰਗਟ ਸਿੰਘ

3 ਮੇਜਰ ਧਿਆਨ ਚੰਦ 4 ਭੁਪਿੰਦਰ ਸਿੰਘ

ਪ੍ਰਸ਼ਨ-31 'ਅੰਮੜੀ ਦਾ ਵਿਹੜਾ' ਕਵਿਤਾ ਕਿਸ ਦੁਆਰਾ ਲਿਖੀ ਗਈ ਹੈ?

1 ਸ਼ਿਵ ਕੁਮਾਰ 2 ਧਨੀ ਰਾਮ ਚਾਤ੍ਰਿਕ

3 ਅੰਮ੍ਰਿਤਾ ਪ੍ਰੀਤਮ 4 ਦਰਸ਼ਨ ਸਿੰਘ ਆਸ਼ਟ

ਪ੍ਰਸ਼ਨ-32 ਪੰਛੀ ਉਡਾਉਣ ਲਈ ਬਣੀ ਹੋਈ ਜਾਲੀਦਾਰ ਰੱਸੀ ਨੂੰ ਕੀ ਕਿਹਾ ਜਾਂਦਾ ਹੈ?

1 ਨੇਤਰਾ 2 ਗੋਪੀਆ 3 ਮਣ੍ਹਾ 4 ਜਿੰਦਰੀ

ਪ੍ਰਸ਼ਨ-33 'ਪੁਸ਼ਪਾ ਗੁਜਰਾਲ ਸਾਇੰਸ ਸਿਟੀ' ਦਾ ਨੀਂਹ ਪੱਥਰ ਕਿਸ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਰੱਖਿਆ ਗਿਆ ਸੀ?

1 ਪੰਡਤ ਜਵਾਹਰ ਲਾਲ ਨਹਿਰੂ 2 ਸ.ਪ੍ਰਕਾਸ਼ ਸਿੰਘ ਬਾਦਲ

3 ਸ੍ਰੀ ਇੰਦਰ ਕੁਮਾਰ ਗੁਜਰਾਲ 4 ਸ੍ਰੀ ਅਟਲ ਬਿਹਾਰੀ ਵਾਜਪਾਈ

ਪ੍ਰਸ਼ਨ-34 'ਸਿਰਮੌਰ' ਸ਼ਬਦ ਤੋਂ ਕੀ ਭਾਵ ਹੈ?

1 ਇਨਾਮ 2 ਕਲਾ 3 ਮੋਹਰੀ 4 ਪੁਸ਼ਾਕ

ਪ੍ਰਸ਼ਨ-35 'ਗੰਨੇ' ਦੀ ਫਸਲ ਨੂੰ ਹੋਰ ਕਿਸ ਨਾਂ ਨਾਲ ਜਾਣਿਆ ਜਾਂਦਾ ਹੈ

1 ਝੋਨਾ 2 ਕਮਾਦ 3 ਨਰਮਾ 4 ਬਰਸੀਮ

ਪ੍ਰਸ਼ਨ-36 'ਪਿਤਾ ਦੀ ਭੈਣ' ਨੂੰ ਕੀ ਕਿਹਾ ਜਾਂਦਾ ਹੈ?

1 ਮਾਸੀ 2 ਭੂਆ 3 ਚਾਚੀ 4 ਨਾਨੀ

ਪ੍ਰਸ਼ਨ-37 ਲੇਖਕ ਨੇ 'ਰੱਬ ਦੀ ਪੌੜੀ' ਕਿਸ ਨੂੰ ਕਿਹਾ ਹੈ?

1 ਐਫ਼ਿਲ ਟਾਵਰ 2 ਐਮਪਾਇਰ ਸਟੇਟ ਬਿਲਡਿੰਗ

3 ਗਰੇਟ ਵਾਲ ਆਫ਼ ਚਾਈਨਾ 4 ਬੁਰਜ ਖਲੀਫ਼ਾ

ਪ੍ਰਸ਼ਨ-38 ਮੱਝ ਦੇ ਕੱਟੇ ਦਾ ਕੀ ਨਾਂ ਰੱਖਿਆ ਗਿਆ?

1 ਪਿੰਕੂ 2 ਗੱਗੂ 3 ਘੀਲਾ 4 ਗੋਲੀ

ਪ੍ਰਸ਼ਨ-39 'ਸੁੱਘੜ' ਸ਼ਬਦ ਦਾ ਕੀ ਅਰਥ ਹੈ?

1 ਬੇਵਕੂਫ਼ 2 ਸਿਆਣਾ 3 ਚਲਾਕ 4 ਲਾਪਰਵਾਹ

ਪ੍ਰਸ਼ਨ- 40 'ਵੱਡੇ ਭੈਣ ਜੀ' ਪਾਠ ਸਾਹਿਤ ਦੀ ਕਿਸ ਵਿਧਾ ਨਾਲ਼ ਸਬੰਧਤ ਹੈ?

1 ਕਵਿਤਾ 2 ਕਹਾਣੀ 3 ਲੇਖ 4 ਇਕਾਂਗੀ

ਪ੍ਰਸ਼ਨ-41 ਸਾਂਝੀ ਮਾਂ ਕਹਾਣੀ ਵਿੱਚ ਸਹਿਰ ਦੇ ਨੇੜੇ ਖੇਤਾਂ ਵਿੱਚ ਕੀ ਡਿੱਗਣਾ ਸ਼ੁਰੂ ਹੋ ਗਿਆ?

1 ਆਲੂ 2 ਤੋਪ 3 ਸਬਜ਼ੀਆਂ 4 ਬੰਬ

ਪ੍ਰਸ਼ਨ-42 'ਸ੍ਰੀ ਹਰਿਮੰਦਰ ਸਾਹਿਬ' ਕਿਹੜੇ ਸ਼ਹਿਰ ਵਿੱਚ ਹੈ?

1 ਜਲੰਧਰ 2 ਫਿਰੋਜ਼ਪੁਰ 3 ਅੰਮ੍ਰਿਤਸਰ 4 ਪਟਿਆਲਾ

ਪ੍ਰਸ਼ਨ-43 'ਮਾਵਾਂ ਡੱਕਰੇ ਝੋਲੀ ਪਵਾਉਂਦੀਆਂ ਨੇ' ਸਤਰ ਵਿੱਚ ਡੱਕਰੇ ਸ਼ਬਦ ਤੋਂ ਕੀ ਭਾਵ ਹੈ?

1 ਹੱਡੀ 2 ਲਹੂ 3 ਟੁਕੜੇ 4 ਸਿਰ

ਪ੍ਰਸ਼ਨ-44 'ਲੋਹੜੀ' ਦੇ ਤਿਉਹਾਰ ਦਾ ਕਿਸ ਨਾਲ ਗੂੜਾ ਸੰਬੰਧ ਹੈ?

1 ਮਠਿਆਈ 2 ਫਲ਼ 3 ਜੰਗਲ਼ 4 ਗੁੜ ਅਤੇ ਰਿਓੜੀ

ਪ੍ਰਸ਼ਨ-45 'ਗੁਰੂਦੇਵ' ਕਿਸ ਨੂੰ ਕਿਹਾ ਜਾਂਦਾ ਹੈ?

1 ਊਧਮ ਸਿੰਘ 2 ਖੁਸ਼ਵੰਤ ਸਿੰਘ

3 ਮਹਾਤਮਾ ਗਾਂਧੀ 4 ਰਬਿੰਦਰ ਨਾਥ ਟੈਗੋਰ

ਪ੍ਰਸ਼ਨ-46 1932 -ਲੌਸ ਏਂਜਲਸ ਉਲਪਿੰਕ ਵਿੱਚ ਭਾਰਤੀ ਟੀਮ ਨੇ 24-1 ਦੇ ਫਰਕ ਨਾਲ਼ ਕਿਸ ਦੇਸ਼ ਨੂੰ ਹਰਾਇਆ?

1 ਆਸਟਰੇਲੀਆ 2 ਇੰਗਲੈਂਡ 3 ਪਾਕਿਸਤਾਨ 4 ਯੂ.ਐਸ.ਏ.

ਪ੍ਰਸ਼ਨ-47 ਬੰਗਲਾ ਭਾਸਾ ਵਿੱਚ 'ਦਾਦਾ' ਸ਼ਬਦ ਦਾ ਕੀ ਅਰਥ ਹੈ?

1 ਭੈਣ 2 ਪਿਤਾ 3 ਵੱਡਾ ਭਰਾ 4 ਛੋਟਾ ਭਰਾ

ਪ੍ਰਸ਼ਨ-48 ਵਿਸ਼ਵਨਾਥਨ ਆਨੰਦ ਕਿਸ ਖੇਡ ਨਾਲ਼ ਸੰਬੰਧਤ ਹੈ?

1 ਕ੍ਰਿਕੇਟ 2 ਬਾਸਕਟਬਾਲ 3 ਸ਼ਤਰੰਜ 4 ਹਾਕੀ

ਪ੍ਰਸ਼ਨ-49 'ਨੀਂਦਰ' ਸ਼ਬਦ ਤੋਂ ਕੀ ਭਾਵ ਹੈ?

1 ਬਿਸਤਰਾ 2 ਨੀਂਦ 3 ਜਾਗਣਾ 4 ਜਲਦੀ ਉੱਠਣਾ

ਪ੍ਰਸ਼ਨ-50 ਕਿਹੜੇ ਮਹੀਨੇ ਝੜੀਆਂ ਲੱਗਦੀਆ ਹਨ?

1 ਮਾਘ 2 ਭਾਦੋਂ 3 ਫੱਗਣ 4 ਚੇਤ

ਪ੍ਰਸ਼ਨ-51 'ਛੱਲੀਆਂ ਦੇ ਰਾਖੇ' ਪਾਠ ਵਿੱਚ ਲੇਖਕ ਨੇ ਕਾਂ ਨੂੰ ਆਪਣੀ ਹਥੇਲੀ ਤੇ ਰੱਖ ਕੇ ਕਿਹੜੇ ਦਾਣੇ ਖੁਆਏ?

1 ਚੌਲ਼ 2 ਕਣਕ 3 ਮੱਕੀ 4 ਬਾਜਰਾ

ਪ੍ਰਸ਼ਨ-52 ਸਾਇੰਸ ਸਿਟੀ ਵਿੱਚ ਸੰਗੀਤਕ ਕੁਰਸੀ ਉੱਤੇ ਬੈਠਦਿਆਂ ਹੀ ਕੀ ਹੋਣਾ ਸ਼ੁਰੂ ਹੋ ਜਾਂਦਾ ਹੈ?

1 ਰਾਤ ਹੋਣੀ 2 ਤੁਫਾਨ ਆਉਣਾ 3 ਭੂਚਾਲ 4 ਮੀਂਹ ਆਉਣਾ

ਪ੍ਰਸ਼ਨ-53 ਸਾਇੰਸ-ਸਿਟੀ ਦੇ ਊਰਜਾ ਪਾਰਕ ਵਿੱਚ ਕਿਹੜੀ ਊਰਜਾ ਵਰਤੀ ਜਾਂਦੀ ਹੈ?

1 ਬਿਜਲਈ ਊਰਜਾ 2 ਨਿਊਕਲੀ ਊਰਜਾ 3 ਸੂਰਜੀ ਊਰਜਾ 4 ਕੋਈ ਨਹੀਂ

ਪ੍ਰਸ਼ਨ-54 'ਪੰਜਾਬ ਲਲਿਤ ਕਲਾ ਅਕਾਦਮੀ' ਕਿੱਥੇ ਸਥਿਤ ਹੈ?

1 ਚੰਡੀਗੜ੍ਹ 2 ਲੁਧਿਆਣਾ 3 ਪਟਿਆਲ਼ਾ 4 ਦਿੱਲੀ

ਪ੍ਰਸ਼ਨ-55 ਵੱਖਰਾ ਚੁਣੋ?

1 ਗੁੜ 2 ਪੇਸੀ 3 ਸ਼ੱਕਰ 4 ਚੌਲ਼

ਪ੍ਰਸ਼ਨ-56 'ਪੁਆੜੇ' ਸ਼ਬਦ ਦਾ ਕੀ ਅਰਥ ਹੈ?

1 ਝਗੜੇ 2 ਕਸ਼ਟ 3 ਸੰਗ 4 ਕੰਮ

ਪ੍ਰਸ਼ਨ-57 'ਭੂਆ' ਕਹਾਣੀ ਵਿੱਚ ਲੇਖਕ ਕਿਸ ਸਮੱਸਿਆ ਨਾਲ ਜੂਝਦਾ ਹੈ?

1 ਨੀਂਦ 2 ਖਾਣ-ਪੀਣ 3 ਹਨੇਰੇ 4 ਪਾਣੀ ਨਾ ਹੋਣ

ਪ੍ਰਸ਼ਨ-58 ਬਹੁਤ ਵਧੀਆ ਅਤੇ ਸਖ਼ਤ ਲੋਹੇ ਨੂੰ ਕੀ ਕਿਹਾ ਜਾਂਦਾ ਹੈ?

1 ਫੌਲਾਦ 2 ਬੁਰਜੀ 3 ਬਿਲਡਿੰਗ 4 ਕੈਫੇ

ਪ੍ਰਸ਼ਨ-59 ਉਸ ਥਾਂ ਨੂੰ ਕੀ ਕਹਿੰਦੇ ਹਨ ਜਿੱਥੇ ਕਾਫੀ ਤਿਆਰ ਕਰ ਕੇ ਪਿਆਈ ਜਾਦੀ ਹੈ?

1 ਪਾਰਕ 2 ਕੈਫੇ 3 ਅਸਤਬਲ 4 ਖਾੜ੍ਹਿ

ਪ੍ਰਸ਼ਨ-60 'ਗੱਗੂ' ਕਹਾਣੀ ਵਿੱਚ ਗੱਗੂ ਨੂੰ ਰੇੜੀ ਗੱਡੀ ਉੱਤੇ ਕੌਣ ਜੋੜ ਲੈਂਦਾ ਹੈ?

1 ਪਰਦੀਪ 2 ਦਲੀਪਾ 3 ਦੀਪਾ 4 ਬੀਰਾ

## 2. ਹੇਠਾਂ ਦਿੱਤੇ ਸ਼ਬਦਾਂ ਦਾ ਦੱਸੇ ਅਨੁਸਾਰ ਮਿਲਾਣ ਕਰੋ:-

ਹੇਠ ਲਿਖੇ ਵਿਰੋਧੀ ਸ਼ਬਦਾਂ ਦਾ ਮਿਲਾਣ ਕਰੋ

| | |
|---|---|
| 61. ਧੁੱਪ | 1. ਛੋਟਾ |
| 62. ਵੱਡਾ | 2. ਸ਼ਾਮ |
| 63. ਸਵੇਰ | 3. ਨੀਵਾਂ |
| 64. ਪੂਰਬ | 4. ਪੱਛਮ |
| 65. ਉੱਚਾ | 5. ਛਾਂ |

ਹੇਠ ਲਿਖੇ ਸ਼ਬਦਾਂ ਦਾ ਅਰਥਾਂ ਨਾਲ਼ ਮਿਲਾਣ ਕਰੋ

| | |
|---|---|
| 66. ਰੁੱਕਾ | 1. ਸਵਾਰੀ ਗੱਡੀ |
| 67. ਅਮਰ | 2. ਚਿੱਠੀ |
| 68. ਛਾਬਾ | 3. ਜੋ ਕਦੇ ਨਾ ਮਰੇ |
| 69. ਵਾਹਨ | 4. ਡੂੰਘੀ ਟੋਕਰੀ |
| 70. ਦਲੇਰ | 5. ਬਹਾਦਰ |

ਮਿਲਾਣ ਕਰੋ

| | |
|---|---|
| 71. ਖੰਡਰ | 1. ਜਹਾਜ਼ |
| 72. ਕਾਮਾਗਾਟਾ ਮਾਰੂ | 2. ਦਰਿਆ |
| 73. ਬਿਆਸ | 3. ਤਿਉਹਾਰ |
| 74. ਚੰਡੀ | 4. ਢੱਠੀ ਇਮਾਰਤ |
| 75. ਦਿਵਾਲ਼ੀ | 5. ਤਲਵਾਰ |

ਹੇਠ ਲਿਖੇ ਸ਼ਬਦਾਂ ਦਾ ਅਰਥਾਂ ਨਾਲ਼ ਮਿਲਾਣ ਕਰੋ

| | |
|---|---|
| 76. ਸੂਫ਼ | 1. ਮੇਮਣਾ |

| | |
|---|---|
| 77. ਠਠੰਬਰ ਕੇ | 2. ਦਿਲਾਸਾ |
| 78. ਢਾਰਸ | 3. ਕਾਲੇ ਰੰਗ ਦਾ ਕੱਪੜਾ |
| 79. ਪਠੇਰਾ | 4. ਡਰ ਕੇ |
| 80. ਪਿੱਪਲ਼ | 5. ਰੁੱਖ |

ਹੇਠ ਲਿਖੇ ਲਿੰਗ-ਪੁਲਿੰਗ ਸ਼ਬਦਾਂ ਦਾ ਮਿਲਾਣ ਕਰੋ

| | |
|---|---|
| 81. ਮਾਤਾ | 1. ਨਾਨੀ |
| 82. ਨਾਨਾ | 2. ਦਾਦੀ |
| 83. ਦਾਦਾ | 3. ਚਾਚੀ |
| 84. ਚਾਚਾ | 4. ਮਾਮੀ |
| 85. ਮਾਮਾ | 5. ਪਿਤਾ |

ਹੇਠ ਲਿਖੇ ਇੱਕ-ਵਚਨ ਸ਼ਬਦਾਂ ਦਾ ਬਹੁ-ਵਚਨ ਸ਼ਬਦਾਂ ਨਾਲ਼ ਮਿਲਾਣ ਕਰੋ

| | |
|---|---|
| 86. ਪੱਖਾ | 1. ਕੁਰਸੀਆਂ |
| 87. ਕੁਰਸੀ | 2. ਤੋਤੇ |
| 88. ਬਿੱਲੀ | 3. ਹਾਥੀਆਂ |
| 89. ਤੋਤਾ | 4. ਬਿੱਲੀਆਂ |
| 90. ਹਾਥੀ | 5. ਪੱਖੇ |

ਹੇਠ ਲਿਖੇ ਸ਼ਬਦਾਂ ਦਾ ਅਰਥਾਂ ਨਾਲ਼ ਮਿਲਾਣ ਕਰੋ

| | |
|---|---|
| 91. ਬੀਰ | 1, ਭਲਮਾਣਸੀ |
| 92. ਕਰਾਰ | 2. ਵਚਨ |
| 93. ਭਲੱਪਣ | 3. ਬਹਾਦਰ |
| 94.ਨਿਆਰਾ | 4. ਰੇਤਲਾ ਇਲਾਕਾ |

95. ਮਾਰੂਥਲ 5. ਵੱਖਰਾ

ਹੇਠ ਲਿਖੇ ਤਿਉਹਾਰ/ਮੇਲਿਆਂ ਦਾ ਸਥਾਨਾਂ ਨਾਲ਼ ਮਿਲਾਣ ਕਰੋ

96. ਦਸਹਿਰਾ 1. ਸ੍ਰੀ ਮੁਕਤਸਰ ਸਾਹਿਬ

97. ਦਿਵਾਲੀ 2. ਸ੍ਰੀ ਅੰਮ੍ਰਿਤਸਰ ਸਾਹਿਬ

98. ਮਾਘੀ 3. ਅਨੰਦਪੁਰ ਸਾਹਿਬ

99. ਵਿਸਾਖੀ 4. ਕੁੱਲੂ

100. ਛਿੰਝ ਛਰਾਹਾਂ ਦੀ 5. ਅਚਲਪੁਲ

ਹੇਠ ਲਿਖੇ ਖਿਡਾਰੀਆਂ ਦਾ ਖੇਡ ਨਾਲ਼ ਮਿਲਾਣ ਕਰੋ।

101. ਕਪਿਲ ਦੇਵ 1. ਬਾਕਸਿੰਗ

102. ਸਾਨੀਆ ਮਿਰਜ਼ਾ 2. ਕ੍ਰਿਕੇਟ

103. ਸਾਇਨਾ ਨੇਹਵਾਲ 3. ਅਥਲੈਟਿਕਸ

104. ਵਿਜੇਂਦਰ ਸਿੰਘ 4. ਬੈਡਮਿੰਟਨ

105. ਮਿਲਖਾ ਸਿੰਘ 5.ਟੈਨਿਸ

ਹੇਠ ਲਿਖੇ ਸ਼ਬਦਾਂ ਦਾ ਅਰਥਾਂ ਨਾਲ਼ ਮਿਲਾਣ ਕਰੋ

106. ਮਨੋਹਰ 1. ਸੰਤ

107. ਸਬਕ 2. ਸਿੱਖਿਆ

108. ਦਰਵੇਸ਼ 3. ਮੁਸੀਬਤ

109. ਆਫ਼ਤ 4. ਇਸ਼ਨਾਨ ਕਰਨ ਲਈ ਤਲਾਅ

110. ਸਰੋਵਰ 5, ਸੁੰਦਰ

ਮਿਲਾਣ ਕਰੋ

111. ਪੰਜਾਬ ਦੀ ਰਾਜਧਾਨੀ 1. ਡੈਮ

112. ਭਾਖੜਾ 2. ਸ਼ਲਾਘਾ

113. ਦੁਆਬਾ 3. ਬੰਸਰੀ

114. ਸਿਫ਼ਤ 4. ਚੰਡੀਗੜ੍ਹ

115. ਵੰਝਲੀ 5. ਦੋ ਦਰਿਆਵਾਂ ਵਿਚਲੀ ਧਰਤੀ

ਮਿਲਾਣ ਕਰੋ

116. ਰੋਜ਼ ਗਾਰਡਨ 1. ਆਰਕੀਟੈੱਕਟ

117. ਲੀ-ਕਾਰਬੂਜ਼ੀਅਰ 2. ਰੋਪੜ

118. ਰੂਪਨਗਰ 3.ਕਪੂਰਥਲਾ

119. ਸਾਇੰਸ ਸਿਟੀ 4.ਅਮਰੀਕਾ

120. ਨਿਊਯਾਰਕ 5. ਚੰਡੀਗੜ੍ਹ

## ਹੇਠ ਲਿਖੇ ਵਾਕਾਂ ਵਿੱਚ ਢੁੱਕਵੇਂ ਸ਼ਬਦ ਚੁਣ ਕੇ ਖਾਲੀ ਥਾਂਵਾਂ ਭਰੋ।

121. ਹਲਦੀ ਘਾਟੀ ਤੇਰੀ,

............ਤੇਰੇ ਦੇ ਮੰਦਰ । (ਸੋਮਨਾਥ/ਸ਼ਿਵ)

122. ਅਸੀਂ ਪੇਮੀ ਦਾ ਨਾਂ ਲੈ ਕੇ ......ਪਾਰ ਹੋ ਗਏ। (ਖੇਤ/ ਸੜਕ)

123. ਛਿੰਝ ਦਾ ਮੇਲਾ ............ਮਹੀਨੇ ਲੱਗਦਾ ਹੈ। (ਅੱਸੂ/ ਮੱਘਰ )

124. ਗੁਰੂ ਅਰਜਨ ਦੇਵ ਜੀ ਸਿੱਖਾਂ ਦੇ...... ਗੁਰੂ ਹੋਏ ਹਨ । (ਪੰਜਵੇਂ/ ਛੇਵੇਂ)

125. ਤੇਰੇ ਮਨ ਵਿਚ ਰੋਸ਼ਨ ਸੂਰਜ,

ਚੰਦਰਮਾ ਤੇ .......। (ਤਾਰੇ/ ਸੂਰਜ)

126. ਬਲਜੀਤ ਨੂੰ ਚੰਡੀਗੜ੍ਹ ਦੀ............ ਝੀਲ ਵੇਖਣ ਦੀ ਬੜੀ ਰੀਝ ਸੀ। (ਸੁਖਨਾ/ਡਲ )

127. ਰੂਪਨਗਰ ............. ਮੰਡੀ ਲਈ ਵੀ ਪ੍ਰਸਿੱਧ ਹੈ। (ਪਸ਼ੂਆਂ/ ਟਰੈਕਟਰਾਂ)

128. ਬਾਬਾ ਫ਼ਰੀਦ ਜੀ ਦਾ ਦੇਹਾਂਤ........... ਵਿਚ ਹੋਇਆ। (ਕੋਠੀਵਾਲ/ਪਾਕਪਟਨ)

129. ਪਾਣੀ ਲੱਭਣ ਲਈ ...........ਨੇ ਡੰਗੋਰੀ ਨਾਲ਼ ਜ਼ਮੀਨ ਨੂੰ ਠਕੋਰਿਆ। (ਭੀਖੂ /ਫ਼ਕੀਰ)

130. ਸਾਉਣ ਮਹੀਨੇ ਪੰਜਾਬ ਦੀਆਂ ਮੁਟਿਆਰਾਂ ............ਨੂੰ ਤਿਉਹਾਰ ਦੇ ਰੂਪ ਵਿੱਚ ਮਨਾਉਂਦੀਆਂ ਹਨ। (ਗਿੱਧੇ/ ਤੀਆਂ)

131. ਡਾ.ਮਹਿੰਦਰ ਸਿੰਘ ਰੰਧਾਵਾ ...........ਨੂੰ ਕਦੇ ਆਪਣੇ ਨੇੜੇ ਨਹੀਂ ਆਉਣ ਦਿੰਦੇ ਸਨ। (ਚੁਸਤੀ/ਆਲਸ)

132. ਮੈਂ ਧਰਤੀ, .......................... ਤੋਂ ਪੈਦਾ ਹੋਈ ਹਾਂ। (ਸੂਰਜ /ਪਾਣੀ)

133. ਤੋਪਚੀਆਂ ਨੇ ਪੰਜਾਬ ਕੌਰ ਦੇ ਦਰਵਾਜ਼ੇ ਅੱਗੇ............ ਨੂੰ ਸੁੱਟਣ ਵਾਲੀ ਤੋਪ ਗੱਡ ਲਈ ਸੀ। (ਜਹਾਜ਼ਾਂ /ਟੈਂਕਾ)

134. ਖ਼ਬਰ ਆਈ ਕਿ ਰਾਤ ਨੂੰ...........ਸ਼ਹਿਰ ਉੱਤੇ ਹਵਾਈ ਜਹਾਜ਼ਾਂ ਦੀ ਬੰਬਾਰੀ ਦਾ ਡਰ ਹੈ। (ਅੰਮ੍ਰਿਤਸਰ/ ਫ਼ਰੀਦਕੋਟ )

135. ਸ੍ਰੀ ਰਬਿੰਦਰਨਾਥ ਟੈਗੋਰ ਦਾ ਜਨਮ ..............ਵਿਖੇ ਹੋਇਆ। ( ਮੁੰਬਈ /ਕੋਲਕਾਤਾ)

136. ਟੈਗੋਰ ਦੇ ਮਾਤਾ ਪਿਤਾ ਨੇ ਉਨ੍ਹਾਂ ਦੀ ਪੜ੍ਹਾਈ ਦਾ ਪ੍ਰਬੰਧ.............. ਵਿੱਚ ਹੀ ਕਰ ਦਿੱਤਾ। (ਸਕੂਲ/ਘਰ)

137. ਜਿੱਥੇ ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ,
ਉੱਥੇ ........ਫ਼ਸਲ ਦੀ ਮਹਿਕਦੀ ਹੈ। (ਅੰਬ /ਗੁਲਾਬ )

138. ਸਰਹਿੰਦ ਦੀ .............ਵਿਚ ਚਿਣੇ ਹੋਏ ਬਾਲ ਹੱਸ ਰਹੇ ਸਨ। (ਕੰਧ/ ਗੜ੍ਹੀ )

139. ਲੋਹੜੀ ਵਾਲੀ ਰਾਤ ਨੂੰ.............ਦਾ ਜ਼ੋਰ ਹੁੰਦਾ ਹੈ। (ਗਰਮੀ/ ਠੰਢ)

140. ਪਿੰਡ ਦਾ ਹਰ ਕੋਈ ਬਲ਼ਦੀ ਹੋਈ .........ਦੁਆਲੇ ਬੈਠ ਕੇ ਨਿੱਘ ਦਾ ਆਨੰਦ ਮਾਣਦਾ ਹੈ। (ਲੋਹੜੀ /ਧੂਣੀ)

141. ਮੇਜਰ ਧਿਆਨ ਚੰਦ ਦੇ ਪਿਤਾ ..............ਵਿੱਚ ਹੌਲਦਾਰ ਸਨ। (ਪੁਲਿਸ/ ਫ਼ੌਜ)

142. ਮੇਜਰ ਧਿਆਨ ਚੰਦ ਦਾ ਜਨਮ ਦਿਨ.............ਦਿਵਸ ਵਜੋਂ ਮਨਾਇਆ ਜਾਂਦਾ ਹੈ।

(ਖੇਡ/ਆਰਮੀ)

143.ਅੱਜ ਅੰਮੜੀ ਦਾ .............ਸੁਪਨਾ ਬਣ ਗਿਆ । (ਪਿੰਡ /ਵਿਹੜਾ)

144. ਮਾਂ ਦਾ ਵਿਹੜਾ ...............ਦਾ ਖੇੜਾ ਸੀ। (ਖ਼ੁਸ਼ੀਆਂ /ਫੁੱਲਾਂ)

145. ਝੜੀਆਂ.................... ਮਹੀਨੇ ਲਗਦੀਆਂ ਹਨ । (ਹਾੜ੍ਹ /ਸਾਉਣ)

146. ਪੰਛੀਆਂ ਨੂੰ..................... ਨਹੀਂ ਮਿਲ ਰਿਹਾ ਸੀ । (ਚੋਗਾ/ਭੋਜਨ )

147. ਸਾਇੰਸ ਸਿਟੀ ਵਿਖੇ ਹਿਲਦੇ ਜੁਲਦੇ ..............ਲਾਏ ਗਏ ਹਨ। (ਡਾਇਨਾਸੋਰ /ਚੀਤੇ)

148. ਸਾਇੰਸ ਸਿਟੀ ਦਾ ਨਾਂ .................ਦੇ ਨਾਂ ਤੇ ਰੱਖਿਆ ਗਿਆ ਹੈ।

(ਸ੍ਰੀ ਇੰਦਰ ਕੁਮਾਰ ਗੁਜਰਾਲ /ਸ੍ਰੀਮਤੀ ਪੁਸ਼ਪਾ ਗੁਜਰਾਲ)

149. ਸ਼ਿਵ ਸਿੰਘ ............ਸੀ। (ਬੁੱਤਘਾੜਾ/ ਪੇਂਟਰ )

150. ਸ਼ਿਵ ਸਿੰਘ ਦਾ ਬਚਪਨ ਤੋਂ ਹੀ................ ਨਾਲ ਲਗਾਅ ਸੀ । (ਕਿਤਾਬਾਂ /ਕੁਦਰਤ )

151. ਘੁਲਾੜੀ ਅੱਗੇ.................. ਦੀ ਜੋੜੀ ਭੱਜਦੀ ਚੰਗੀ ਲੱਗਦੀ ਹੈ। (ਬਲਦਾਂ /ਮਨੁੱਖਾਂ)

152. ਪਿੰਡ ਦੀ ਘੁਲਾੜੀ ਤੇ ਪੱਕਦਾ............ ਖਿੱਚਾਂ ਪਾਉਂਦਾ ਹੈ।(ਦਲੀਆ/ ਗੁੜ )

153. ਲੇਖਕ ਨੇ ਭੂਆ ਜੀ ਨੂੰ ਕਿਹਾ ਮੈਨੂੰ ਇੱਕ ...............ਦੀ ਵੀ ਭੁੱਖ ਨਹੀਂ। (ਗਰਾਹੀ/ ਰੋਟੀ )

154. ਚਿੜੀ ਚੋਗੇ ਵਾਂਗ ਚਿੱਥ ਕੇ ਲੇਖਕ ਇੱਕ-ਇੱਕ .....................ਮੂੰਹ ਵਿੱਚ ਪਾ ਕੇ ਲੰਘਾਉਣ

ਲੱਗਾ। (ਬੁਰਕੀ/ ਸੇਵੀਂ )

155. ਨਿਊਯਾਰਕ ਦੀ ਵੱਡੀ ਦੁਕਾਨ ਦੇ ਬੂਹੇ ਵੜਦਿਆਂ ..........ਚਹਿਚਹਾਟ ਸੁਣਾਈ ਦਿੱਤੀ।

(ਲੋਕਾਂ/ਪੰਛੀਆਂ )

156. ਨਿਊਯਾਰਕ ਵਿੱਚ ਸਭ ਤੋਂ ਵੱਡੀ.............. ਹੈ । (ਬੰਦਰਗਾਹ /ਝੀਲ)

157. ਮੱਝ ..............ਨੂੰ ਮਮਤਾ ਵਿਖਾ ਰਹੀ ਸੀ। (ਕੱਟੇ/ ਵੱਛੇ)

158. ਲੇਖਕ ਨੇ ਦੂਰੋਂ ਆਉਂਦੀ .............. ਸਿਆਣ ਲਈ। (ਜੀਪ/ ਰੇਹੜੀ )

159. ਲਤਾ ..................ਗਈ ਸੀ। (ਬਾਜ਼ਾਰ/ ਗੁਆਂਢੀਆਂ ਦੇ ਘਰ)

160. ਵਿੱਦਿਆ ਆਪਣੀ ਧੀ ਦੇ..............ਬਾਰੇ ਸੋਚਦੀ ਹੈ। ( ਭਵਿੱਖ /ਸਕੂਲ )

161. ਮੇਰੀ ਭੂਆ....... ਉੱਤੇ ਰੁੱਖੜਾ ਬਣੀ ਖੜ੍ਹੀ ਸੀ। (ਕੰਧੀ/ ਸੜਕ)

162. ਮੈਂ ਟੋਕੀਓ ਤੇ ਪੈਰਿਸ ਦੇ ਵੱਡੇ.......... ਤੱਕੇ ਹਨ । (ਸਟੋਰ/ਜਹਾਜ਼)

163. ਲੇਖਕ ਨੂੰ ਤੀਹ ਪੈਂਤੀ ਵਰ੍ਹੇ ਪਹਿਲਾਂ ਦੀਆਂ ਭੂਆ ਦੀਆਂ...... ਯਾਦ ਸਨ। (ਗੱਲਾਂ/ ਬੋਲੀਆਂ)

164. ਗੱਗੂ ਮੇਰੇ ਹੱਥੋਂ ..................... ਖਾ ਕੇ ਮੇਰਾ ਹੱਥ ਚੱਟਣ ਲੱਗ ਪੈਂਦਾ। ( ਬ੍ਰੈੱਡ /ਰੋਟੀ)

165. ਵਿੱਦਿਆ ਆਪਣੇ ਵੱਡੇ ਭੈਣ ਜੀ ਨੂੰ .........ਮੰਨਦੀ ਹੈ। (ਆਦਰਸ਼ ਅਧਿਆਪਕਾ /ਵੱਡੀ ਭੈਣ)

166. 'ਜੈ ਭਾਰਤ ਮਾਤਾ' ਕਵਿਤਾ............... ਦੁਆਰਾ ਲਿਖੀ ਗਈ ਹੈ।

(ਸ਼ਿਵ ਕੁਮਾਰ ਬਟਾਲਵੀ /ਨਾਨਕ ਸਿੰਘ )

167. ਡਰ ਨੂੰ ਦਬਾਉਣ ਲਈ ਲੇਖਕ ਦੀ ਭੈਣ................. ਸੁਣਾਉਣ ਲੱਗੀ। (ਕਵਿਤਾ/ ਕਹਾਣੀ )

168. ਦਾਲ ਮਾਹਾਂ ਦੀ, ਛਿੰਝ............................... ਦੀ। (ਛਰਾਹਾਂ /ਗਿੱਧਿਆਂ)

169. ਗੁਰੂ ਅਰਜਨ ਦੇਵ ਜੀ ਦੇ ਪਿਤਾ ............................ਸਨ ।

(ਗੁਰੂ ਰਾਮਦਾਸ ਜੀ/ ਗੁਰੂ ਅਮਰਦਾਸ ਜੀ )

170. ਗੁਰੂ ਅਰਜਨ ਦੇਵ ਜੀ ਨੇ....................................... ਦੀ ਸਥਾਪਨਾ ਕੀਤੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ /ਦਸਮ ਗ੍ਰੰਥ)

171. ਜੇ ਕੁਝ ਲੋਚੇ ...................ਵਿਚ ਸੱਜਣਾ, ਉੱਦਮ ਕਰੀਂ ਜ਼ਰੂਰ। (ਮਨ/ ਦਿਮਾਗ )

172. ਦਲੇਰੀ ਕਹਾਣੀ ਅਨੁਸਾਰ ਏਕਮ ਨੂੰ ................ਖੇਡਣਾ ਪਸੰਦ ਹੈ।( ਫੁੱਟਬਾਲ/ਤਰਾਕੀ)

173. 'ਦਲੇਰੀ' ਕਹਾਣੀ ਵਿਚ.................. ਝੀਲ ਦਾ ਵਰਣਨ ਹੈ। (ਸੁਖਨਾ/ਵੂਲਰ)

174. ਰਾਜਾ ਰੋਕੇਸ਼ਰ ਨੇ ਰੋਪੜ ਨੂੰ.................... ਸਦੀ ਵਿਚ ਵਸਾਇਆ। (ਗਿਆਰ੍ਹਵੀਂ /ਤੇਰ੍ਹਵੀਂ)

175. ਬਾਬਾ ਫ਼ਰੀਦ ਜੀ ਦਾ ਜਨਮ... ਵਿਖੇ ਹੋਇਆ। (ਕੋਠੀਵਾਲ/ ਪਾਕਪਟਨ)

176. ਪੰਜਾਬ ਕਵਿਤਾ ਵਿਚ ਕਵੀ ਨੇ ਪੰਜਾਬ ਦੀ ...............ਹਾਲਤ ਨੂੰ ਬਿਆਨ ਕੀਤਾ ਹੈ ।

(ਭੂਗੋਲਿਕ/ ਆਰਥਿਕ)

177. ਭੀਖੂ ਨੇ ਆਪਣੀ ਪਤਨੀ ਅਤੇ................ ਨੂੰ ਘੁੱਟ ਕੇ ਫੜਿਆ ਹੋਇਆ ਸੀ। (ਪੁੱਤਰ /ਧੀ)

178. ਡਾ. ਮਹਿੰਦਰ ਸਿੰਘ ਰੰਧਾਵਾ ਦਾ ਜਨਮ ਵਿਖੇ .................ਹੋਇਆ। (ਜ਼ੀਰਾ/ ਤਲਵੰਡੀ)

179. ਰਬਿੰਦਰਨਾਥ ਟੈਗੋਰ ਦਾ ਮਨ...................... ਵਿੱਚ ਨਾ ਲੱਗਿਆ। (ਘਰ /ਸਕੂਲ)

180. ਇਸਤਰੀਆਂ ਲੋਹੜੀ ਵਿਚ............. ਪਾਉਂਦੀਆਂ ਹੋਈਆਂ ਗਾਉਂਦੀਆਂ ਹਨ। (ਤਿਲ/ਚੌਲ਼)

181. ਧਿਆਨ ਚੰਦ ਦਾ ਸੰਬੰਧ................ ਖੇਡ ਨਾਲ਼ ਹੈ। (ਹਾਕੀ/ ਫੁੱਟਬਾਲ)

182. ਖੇਤ ਗਿੱਲੇ ਹੋਣ ਕਰ ਕੇ ..........................ਉੱਤੇ ਆਰਾਮ ਨਾਲ ਬੈਠਿਆ ਜਾ ਸਕਦਾ ਸੀ।

(ਮਣ੍ਹੇ/ਪਲੰਘ)

183. ਸਾਇੰਸ ਸਿਟੀ ਲੋਕਾਂ ਲਈ................ ਈਸਵੀ ਵਿੱਚ ਖੋਲ੍ਹਿਆ ਗਿਆ। (2005/2010)

184. ਈਸ਼ਰ ਆਏ ਦਲਿੱਦਰ ਜਾਏ, ਦਲਿੱਦਰ ਦੀ ਜੜ੍ਹ......... ਪਾਏ। (ਚੁੱਲ੍ਹੇ/ ਤਵੇ)

185. ਚੱਲਦੀ ਘੁਲਾੜੀ ਕਿੰਨੀ ਚੰਗੀ ਲਗਦੀ , ........... ਦੀ ਜੋੜੀ ਅੱਗੇ-ਅੱਗੇ ਭੱਜਦੀ

(ਬਲ਼ਦਾਂ/ਘੋੜਿਆਂ)

## ਨਿਮਨਲਿਖਿਤ ਵਾਕਾਂ ਉੱਪਰ ਸਹੀ ਜਾਂ ਗਲਤ ਦਾ ਨਿਸ਼ਾਨ ਲਗਾਓ

186. 'ਭਾਰਤ ਮਾਤਾ' ਭਾਰਤ ਦੀ ਧਰਤੀ ਨੂੰ ਕਿਹਾ ਜਾਂਦਾ ਹੈ ।

187. ਭੈਣ ਦੇ ਮੂੰਹ ਵਿੱਚੋਂ ਪੇਮੀ ਸ਼ਬਦ ਕੌੜਾ ਲੱਗਦਾ ਸੀ ।

188. ਪੰਜਾਬੀ ਮੁੱਢ ਤੋਂ ਹੀ ਮੇਲਿਆਂ ਦੇ ਸ਼ੌਕੀਨ ਹਨ।

189. ਗੁਰੂ ਅਰਜਨ ਦੇਵ ਜੀ ਦਾ ਜਨਮ ਮਾਤਾ ਭਾਨੀ ਜੀ ਦੀ ਕੁੱਖੋਂ ਹੋਇਆ ।

190. ਉੱਦਮ ਕਰਨ ਨਾਲ ਮੰਜ਼ਿਲ ਤੇ ਪੁੱਜਣਾ ਔਖਾ ਹੈ ।

191. ਬਲਜੀਤ ਫੁਟਬਾਲ ਖੇਡਣ ਦੀ ਸ਼ੌਕੀਨ ਸੀ ।

192. ਰੂਪਨਗਰ ਦਾ ਪੁਰਾਣਾ ਨਾਂ ਰੋਪੜ ਸੀ ।

193. ਸ਼ੇਖ਼ ਫ਼ਰੀਦ ਜੀ ਸੂਫ਼ੀ ਫਕੀਰ ਹੋਏ ਹਨ ।

194. ਆਲਮ ਜਿਧਰ ਦੀ ਵੀ ਲੰਘਦਾ ਰੁੱਖ ਪੁੱਟ ਦਿੰਦਾ ।

195. ਗਿੱਧਾ ਕੇਵਲ ਮੁਟਿਆਰਾਂ ਹੀ ਨਹੀਂ ਗੱਭਰੂ ਵੀ ਪਾਉਂਦੇ ਹਨ।

196. ਡਾ. ਮਹਿੰਦਰ ਸਿੰਘ ਰੰਧਾਵਾ ਨੇ ਪੁਸਤਕਾਂ ਨਹੀਂ ਲਿਖੀਆਂ ।

197. ਧਰਤੀ ਲੋਕਾਂ ਦਾ ਰੈਣ ਬਸੇਰਾ ਨਹੀਂ ਹੈ ।

198. ਖ਼ਤਰੇ ਦਾ ਘੁੱਗੂ ਵੱਜਣ ਤੇ ਚਾਰ ਚੁਫ਼ੇਰਾ ਸਾਂ-ਸਾਂ ਕਰਨ ਲੱਗ ਪਿਆ ।

199. ਪੰਜਾਬ ਕੌਰ ਨੇ ਰੇਡੀਓ ਤੋਂ ਲੜਾਈ ਲੱਗਣ ਦੀ ਖ਼ਬਰ ਸੁਣੀ।

200. ਰਬਿੰਦਰਨਾਥ ਟੈਗੋਰ ਵਧੀਆ ਅਧਿਆਪਕ ਵੀ ਸਨ ।

201. ਰਬਿੰਦਰਨਾਥ ਟੈਗੋਰ ਪੜ੍ਹਨ ਲਈ ਇੰਗਲੈਂਡ ਵਿਖੇ ਨਹੀਂ ਗਏ।

202. ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਵਿੱਚ ਸ਼ਹੀਦ ਕੀਤਾ ਗਿਆ ।

203. ਸ਼ਹੀਦਾਂ ਦੀ ਡੁੱਲੀ ਰੱਤ ਉੱਤੇ ਗੁਲਾਬ ਦੀ ਫ਼ਸਲ ਮਹਿਕਦੀ ਹੈ ।

204. ਲੋਹੜੀ ਬਾਲਣ ਲਈ ਬਾਲਣ ਦੀ ਜ਼ਰੂਰਤ ਨਹੀਂ ਪੈਂਦੀ ।

205. ਲੋਹੜੀ ਦੇ ਤਿਉਹਾਰ ਦਾ ਤਿਲਾਂ ਤੇ ਗੁੜ ਨਾਲ ਗੂੜ੍ਹਾ ਸਬੰਧ ਹੈ ।

206. ਮੇਜਰ ਧਿਆਨ ਚੰਦ ਦਾ ਜਨਮ 28 ਸਤੰਬਰ ਨੂੰ ਮਨਾਇਆ ਜਾਂਦਾ ਹੈ ।

207. ਮੇਜਰ ਧਿਆਨ ਚੰਦ ਨੇ ਫ਼ੌਜ ਵਿੱਚ ਭਰਤੀ ਹੋ ਕੇ ਹਾਕੀ ਖੇਡਣੀ ਸ਼ੁਰੂ ਕਰ ਦਿੱਤੀ ।

208. ਅੰਮੜੀ ਦੇ ਵਿਹੜੇ ਕੁੜੀਆਂ ਨੇ ਬਾਦਸ਼ਾਹੀ ਮਾਣੀ ।

209. ਪਿੰਜੀ ਹੋਈ ਰੂੰ ਦੇ ਗੋਲ਼ੇ ਤੋਂ ਪੂਣੀਆਂ ਨਹੀਂ ਬਣਾਈਆਂ ਜਾਂਦੀਆਂ ।

210. ਮੱਕੀ ਦੇ ਖੇਤ ਵਿੱਚ ਨਿਗਰਾਨੀ ਲਈ ਉੱਚਾ ਘਰ ਬਣਾ ਲਿਆ।

211. ਛੱਲੀਆਂ ਦੇ ਰਾਖੇ ਪਾਠ ਵਿੱਚ ਤਾਇਆ ਕਾਂ ਨੂੰ ਮਾਰਨ ਦੀ ਤਾਕ ਵਿੱਚ ਸੀ।

212. ਸਾਇੰਸ ਸਿਟੀ ਵਿਖੇ ਡਾਇਨਾਸੋਰ ਦੇ ਮਾਡਲ ਨਹੀਂ ਲਗਾਏ ਗਏ।

213. ਸ਼ਿਵ ਸਿੰਘ ਬੁੱਤ ਤਰਾਸ਼ੀ ਲਈ  ਪ੍ਰਸਿੱਧ ਹਨ।

214. ਸ਼ਿਵ ਸਿੰਘ ਨੂੰ ਇਕ ਕਲਾਕਾਰ ਵਜੋਂ ਕੋਈ ਇਨਾਮ-ਸਨਮਾਨ ਨਹੀਂ ਮਿਲ਼ਿਆ ।

215. ਘੁਲਾੜੀ ਚਲਦੀ ਹੋਈ ਵਧੀਆ ਲੱਗਦੀ ਹੈ।

216. ਤਾਇਆ ਬਲਦਾਂ ਨੂੰ ਚਾਵਾਂ ਨਾਲ ਹੱਕਦਾ ਹੈ।

217. ਲੇਖਕ ਨੂੰ ਭੂਆ ਨਾਲ ਮਿਲ਼ਿਆ ਦਸ ਵਰ੍ਹੇ ਬਤੀਤ ਹੋ ਗਏ ਸਨ ।

218. ਲੇਖਕ ਸਵੇਰ ਵੇਲੇ ਹੀ ਭੂਆ ਦੇ ਪਿੰਡ ਜਾ ਪੁੱਜਾ।

219. ਨਿਊਯਾਰਕ ਵਿਖੇ ਨਿੱਕੀਆਂ ਚੀਜ਼ਾਂ ਹੀ ਦੇਖਣ ਨੂੰ ਮਿਲ਼ਦੀਆਂ ਹਨ।

220. ਐਮਪਾਇਰ ਸਟੇਟ ਬਿਲਡਿੰਗ ਦੀ ਉਚਾਈ ਬੱਦਲਾਂ ਨੂੰ ਛੂੰਹਦੀ ਹੈ ।

221. ਵੱਡਾ ਹੋਣ ਤੇ ਗੱਗੂ ਨੇ ਦੁੱਧ ਚੁੰਘਣਾ ਸੁਰੂ ਕੀਤਾ ।

222. ਗੱਗੂ ਨੂੰ ਦਲੀਪੇ ਨੇ ਖ਼ਰੀਦ ਲਿਆ ।

223. ‘ਵੱਡੇ ਭੈਣ ਜੀ’ ਪਾਠ ਇਕ ਕਹਾਣੀ ਹੈ।

224. ‘ਵੱਡੇ ਭੈਣ ਜੀ’ ਇਕਾਂਗੀ ਦਾ ਲੇਖਕ ਨਾਨਕ ਸਿੰਘ ਹੈ ।

225. ਘੁਲਾੜੀ ਉੱਪਰ ਗੁੜ ਬਣਾਇਆ ਜਾਂਦਾ ਹੈ।

226. ਲੇਖਕ ਅਤੇ ਉਸ ਦੀ ਭੈਣ ਸਵੇਰ ਦੀ ਰੋਟੀ ਲੈ ਕੇ ਖੇਤ ਨੂੰ ਚੱਲ ਪਏ ।

227. ‘ਛਿੰਝ ਛਰਾਹਾਂ ਦੀ’ ਸਾਰੇ ਵਰਗਾਂ ਦਾ ਸਾਂਝਾ ਮੇਲਾ ਹੈ ।

228. ਪਿਰਥੀ ਚੰਦ ਗੁਰੂ ਅਰਜਨ ਦੇਵ ਜੀ ਦੇ ਛੋਟੇ ਭਰਾ ਸਨ  ।

229. ‘ਉੱਦਮ ਕਰੀਂ ਜ਼ਰੂਰ’ ਇੱਕ ਕਹਾਣੀ ਹੈ  ।

230. ਬਲਜੀਤ ਡੁੱਬਦੇ ਹੋਏ ਬੱਚੇ ਨੂੰ ਬਚਾ ਨਾ ਸਕੀ।

231. ਅਜੋਕੇ ਪੰਜਾਬ ਦੇ ਤੇਈ ਜ਼ਿਲ੍ਹੇ ਹਨ ।

232. ਪਾਕਪਟਨ ਵਿਖੇ ਫ਼ਰੀਦ ਜੀ ਦਾ ਮਕਬਰਾ ਬਣਿਆ ਹੋਇਆ ਹੈ।

233. ਪੰਜਾਬੀ ਮਾਖਿਓਂ ਮਿੱਠੀ ਬੋਲੀ ਹੈ ਜਿਸ ਦੀ ਸਿਫ਼ਤ ਕਰਦਿਆਂ ਜੀ ਨਹੀਂ ਰੱਜਦਾ।

234. ਪੰਜਾਬ ਕਵਿਤਾ ਵਿਚ ਕਵੀ ਮੁਟਿਆਰਾਂ ਦੀ ਸਿਫ਼ਤ ਨਹੀਂ ਕਰਦਾ ।

235.ਆਲਮ ਨੂੰ ਹਰਿਆਵਲ ਦੇ ਬੀਜ ਲੱਭ ਪਏ ।

236. ਮਨੋਰੰਜਨ ਦੇ ਹੋਰ ਸਾਧਨਾਂ ਕਾਰਨ ਗਿੱਧਾ ਪਾਉਣ ਦੀ ਪਰੰਪਰਾ ਵਧ ਰਹੀ ਹੈ ।

237. ਡਾ. ਮਹਿੰਦਰ ਸਿੰਘ ਰੰਧਾਵਾ ਦੀ ਜੀਵਨੀ ਜਨਕਰਾਜ ਸਿੰਘ ਦੁਆਰਾ ਲਿਖੀ ਹੋਈ ਹੈ ।

238. ਧਰਤੀ ਆਪਣੀ ਧੁਰੀ ਦੁਆਲੇ ਘੁੰਮਦੀ ਹੈ ਤਾਂ ਰੁੱਤਾਂ ਬਣਦੀਆਂ ਹਨ ।

239. ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਵਿੱਚ ਸ਼ਹੀਦ ਹੋਏ ਸਨ ।

240. ਰਬਿੰਦਰਨਾਥ ਟੈਗੋਰ ਸਿਰਫ਼ ਕਵਿਤਾ ਲਿਖਦੇ ਸਨ ।

241. ਗੁਲਾਬ ਦੀ ਫਸਲ ਕਵਿਤਾ ਵਿੱਚ ਅਤਿ ਜ਼ੁਲਮ ਸਹਿੰਦੇ ਹੋਏ ਵੀ ਅਡੋਲ ਰਹਿਣ ਦਾ ਵਰਣਨ ਹੈ।

242. ਲੋਹੜੀ ਮੌਕੇ ਦਲਿੱਦਰ ਨੂੰ ਘਰੋਂ ਭਜਾਇਆ ਜਾਂਦਾ ਹੈ ।

243. ਹਿਟਲਰ ਮੇਜਰ ਧਿਆਨ ਚੰਦ ਦੀ ਖੇਡ ਤੋਂ ਬਹੁਤ ਪ੍ਰਭਾਵਿਤ ਹੋਇਆ।

244. ਤਾਇਆ 'ਕਾਂ' ਨੂੰ ਮਾਰਨ ਦੀ ਤਾਕ ਵਿੱਚ ਸੀ।

245. ਸਾਇੰਸ ਸਿਟੀ ਦੇਸ਼ ਦੇ ਨੌਜਵਾਨਾਂ ਨੂੰ ਵਿਗਿਆਨ ਦੇ ਸਿਧਾਂਤਾਂ ਤੋਂ ਤੋੜਦੀ ਹੈ ।

246. ਸਾਇੰਸ ਸਿਟੀ ਵਿੱਚ ਹਰ ਵਿਅਕਤੀ ਦੀ ਜਹਾਜ਼ ਵਿੱਚ ਬੈਠਣ ਦੀ ਇੱਛਾ ਪੂਰੀ ਹੁੰਦੀ ਹੈ।

247. ਸ਼ਿਵ ਸਿੰਘ ਨੇ ਸੈਨਿਕ ਸਕੂਲ ਕਪੂਰਥਲਾ ਵਿਖੇ ਆਰਟ ਟੀਚਰ ਵਜੋਂ ਕੰਮ ਕੀਤਾ ।

248. ਘੁਲਾੜੀ ਗੰਨੇ ਦਾ ਰਸ ਕੱਢਣ ਵਜੋਂ ਕੰਮ ਆਉਂਦੀ ਹੈ ।

249. ਮੇਜਰ ਧਿਆਨਚੰਦ ਦੇ ਜਨਮਦਿਨ ਨੂੰ ਖੇਡ ਦਿਵਸ ਵਜੋਂ ਮਨਾਇਆ ਜਾਦਾ ਹੈ।

250. ਸੂਰਜ ਪੂਰਬ ਦਿਸ਼ਾ ਵਿੱਚੋਂ ਨਿਕਲ਼ਦਾ ਹੈ।

ਭਾਗ-ਅ

## ਹੇਠ ਲਿਖੇ ਪ੍ਰਸਨਾਂ ਦੇ ਉੱਤਰ ਇੱਕ -ਦੋ ਸਤਰਾਂ ਵਿੱਚ ਦਿਓ

251. .ਜੈ ਭਾਰਤ ਮਾਤਾ' ਵਿੱਚ ਕਿਹੜੇ -ਕਿਹੜੇ ਦੇਸ-ਭਗਤਾਂ ਦਾ ਜ਼ਿਕਰ ਆਇਆ ਹੈ?

.........................................................................................................................

.........................................................................................................................

252. ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ?

.........................................................................................................................

.........................................................................................................................

253.'ਛਿੰਝ ਛਰਾਹਾਂ ਦੀ' ਮੇਲੇ ਦਾ ਇਹ ਨਾਂ ਕਿਵੇਂ ਪਿਆ?

.........................................................................................................................

.........................................................................................................................

254. ਸ੍ਰੀ ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਅਤੇ ਕਿਸ ਤੋਂ ਰਖਵਾਈ ਗਈ?

.........................................................................................................................

.........................................................................................................................

255. ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ ਰਚਨਾ ਕਿਹੜੀ ਹੈ?

.........................................................................................................................

.........................................................................................................................

256. ਉੱਦਮ ਕਰਨ ਨਾਲ਼ ਸਾਨੂੰ ਕੀ ਕੁਝ ਪ੍ਰਾਪਤ ਹੁੰਦਾ ਹੈ?

.........................................................................................................................

.........................................................................................................................

257. ਚੰਡੀਗੜ੍ਹ ਸ਼ਹਿਰ ਦਾ ਨਕਸ਼ਾ ਕਿਸ ਨੇ ਬਣਾਇਆ ਸੀ?

.................................................................................................................................

...............................................................................................................................

258.ਵਿਦਿਆਰਥੀਆਂ ਨੇ ਚੰਡੀਗੜ੍ਹ ਵਿੱਚ ਕਿਹੜੀਆ-ਕਿਹੜੀਆਂ ਥਾਂਵਾਂ ਵੇਖੀਆਂ?

.................................................................................................................................

.............................................................................................................................

259. ਰੂਪਨਗਰ ਸ਼ਹਿਰ ਦਾ ਪੁਰਾਣਾ ਨਾਂ ਕੀ ਸੀ?

.................................................................................................................................

.............................................................................................................................

260. ਰੂਪਨਗਰ ਸ਼ਹਿਰ ਕਿਹੜੇ ਦਰਿਆ ਉੱਤੇ ਸਥਿਤ ਹੈ ਅਤੇ ਇਸ ਦਰਿਆ ਤੋਂ ਕਿਹੜੀਆਂ ਨਹਿਰਾਂ ਕੱਢੀਆਂ ਗਈਆਂ ਹਨ।

.................................................................................................................................

............................................................................................................................

261. ਬਾਬਾ ਫ਼ਰੀਦ ਜੀ ਦੇ ਮਾਤਾ-ਪਿਤਾ ਦਾ ਕੀ ਨਾਂ ਸੀ?

.................................................................................................................................

...............................................................................................................................

262. ਫ਼ਕੀਰ ਨੇ ਲੋਕਾਂ ਨੂ ਕੀ ਸਿੱਖਿਆ ਦਿੱਤੀ?

.................................................................................................................................

............................................................................................................................

263. ਲੋਕਾਂ ਵੱਲੋਂ ਅੰਨ੍ਹੇਵਾਹ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਦਾ ਕੀ ਨਤੀਜਾ ਨਿਕਲਿਆ?

.................................................................................................................................

.................................................................................................................................

264. ਵਿਹਲੇ ਸਮੇਂ ਵਿੱਚ ਪੰਜਾਬੀ ਆਪਣਾ ਮਨੋਰੰਜਨ ਕਿਵੇਂ ਕਰਦੇ ਹਨ?

..........................................................................................................................

..........................................................................................................................

265. ਪੰਜਾਬ ਦੇ ਲੋਕ-ਨਾਚ ਕਿਹੜੇ -ਕਿਹੜੇ ਹਨ?

..........................................................................................................................

..........................................................................................................................

266. ਡਾ.ਮਹਿੰਦਰ ਸਿੰਘ ਰੰਧਾਵਾ ਸਾਹਿਤ ਦੇ ਖੇਤਰ ਵਿੱਚ ਕਿਉਂ ਪ੍ਰਸਿੱਧ ਹੋਏ?

..........................................................................................................................

.........................................................................................................................

267. ਪੰਜਾਬ ਨੂੰ ਸੋਹਣਾ ਬਣਾਉਣ ਲਈ ਡਾ. ਰੰਧਾਵਾ ਨੇ ਕੀ ਜਤਨ ਕੀਤੇ?

..........................................................................................................................

..........................................................................................................................

268. ਧਰਤੀ ਉੱਤੇ ਕਿਹੜੀਆਂ-ਕਿਹੜੀਆਂ ਰੁੱਤਾਂ ਆਉਂਦੀਆ ਹਨ?

..........................................................................................................................

.........................................................................................................................

269. ਪੰਜਾਬ ਕੌਰ ਨੇ ਘਰ ਛੱਡਣ ਦਾ ਫੈਸਲਾ ਕਿਉਂ ਕਰ ਲਿਆ ਸੀ?

..........................................................................................................................

..........................................................................................................................

270. ਸਾਡਾ ‘ ਰਾਸ਼ਟਰੀ ਗਾਣ ’ ਕਿਹੜਾ ਹੈ ਅਤੇ ਇਸ ਦਾ ਲੇਖਕ ਕੌਣ ਹੈ?

..........................................................................................................................

..........................................................................................................................

271. ਰਬਿੰਦਰਨਾਥ ਟੈਗੋਰ ਦੀਆਂ ਤਿੰਨ ਪ੍ਰਸਿੱਧ ਰਚਨਾਵਾਂ ਦੇ ਨਾਂ ਲਿਖੋ?

..........................................................................................................................

..........................................................................................................................

272. ' ਲੋਹੜੀ ' ਸ਼ਬਦ ਕਿਵੇਂ ਹੋਂਦ ਵਿੱਚ ਆਇਆ?

..........................................................................................................................

..........................................................................................................................

273. ਜਿੱਥੇ-ਜਿੱਥੇ ਸ਼ਹੀਦਾਂ ਦੀ ਰੱਤ ਡੁੱਲ੍ਹੇ

ਉੱਥੇ ਫਸਲ ਗੁਲਾਬ ਦੀ ਮਹਿਕਦੀ ਹੈ।

ਸਤਰਾਂ ਨੂੰ ਭਾਵ ਸਪਸ਼ਟ ਕਰੋ

..........................................................................................................................

.........................................................................................................................

274. ਧਿਆਨ ਚੰਦ ਦੀ ਯਾਦ ਹਰ ਸਾਲ ਕਿਵੇਂ ਮਨਾਈ ਜਾਦੀ ਹੈ?

..........................................................................................................................

..........................................................................................................................

275.ਧਿਆਨ ਚੰਦ ਦਾ ਬੁੱਤ ਕਿੱਥੇ ਲੱਗਾ ਹੋਇਆ ਹੈ?ਇਸ ਬੁੱਤ ਦੀ ਕੀ ਵਿਸ਼ੇਸ਼ਤਾ ਹੈ?

..........................................................................................................................

..........................................................................................................................

276. 'ਅੰਮੜੀ ਦਾ ਵਿਹੜਾ' ਕਵਿਤਾ ਵਿੱਚ ਬਚਪਨ ਦੀਆਂ ਕਿਹੜੀਆਂ-ਕਿਹੜੀਆਂ ਮੌਜਾਂ ਤੇ

ਖ਼ੁਸ਼ੀਆਂ ਦਾ ਵਰਨਣ ਹੈ?

..........................................................................................................................

..........................................................................................................................

277.ਪੰਛੀਆਂ ਨੂੰ ਚੋਗਾ ਕਿਉਂ ਨਹੀਂ ਸੀ ਮਿਲ ਰਿਹਾ?

..................................................................................................................................

.................................................................................................................................

278. ਕਾਂ ਛੱਲੀ ਨੂੰ ਕਿਉਂ ਨਹੀਂ ਸੀ ਠੂੰਗ ਸਕਿਆ?

..................................................................................................................................

..................................................................................................................................

279. ਸਾਇੰਸ-ਸਿਟੀ ਲੋਕਾਂ ਲਈ ਕਦੋਂ ਖੋਲ੍ਹਿਆ ਗਿਆ?

..................................................................................................................................

..................................................................................................................................

280. ਊਰਜਾ ਪਾਰਕ ਕੀ ਹੈ?

..................................................................................................................................

..................................................................................................................................

281. ਕਲਾ ਦੀ ਖੋਜ ਸੰਬੰਧੀ ਸ਼ਿਵ ਸਿੰਘ ਨੂੰ ਕਿਹੜੇ ਦੇਸ਼ ਦੀ ਸਰਕਾਰ ਵੱਲੋਂ ਬੁਲਾਇਆ ਗਿਆ?

..................................................................................................................................

..................................................................................................................................

282. ਗੰਨੇ ਤੋਂ ਕਿਹੜੀਆਂ-ਕਿਹੜੀਆਂ ਚੀਜਾਂ ਬਣਦੀਆ ਹੈ?

..................................................................................................................................

..................................................................................................................................

283. ਭੂਆ ਨੇ ਭਤੀਜੇ ਲਈ ਮੋਹ ਕਿਵੇਂ ਪ੍ਰਗਟ ਕੀਤਾ?

..................................................................................................................................

..................................................................................................................................

284. ਲੇਖਕ ਨੇ 'ਰੱਬ ਦੀ ਪੌੜੀ' ਕਿਸ ਨੂੰ ਕਿਹਾ ਹੈ?

.......................................................................................................................

.......................................................................................................................

285. ਮੱਝ ਦੇ ਕੱਟੇ ਦਾ ਕੀ ਨਾਂ ਸੀ?

.......................................................................................................................

......................................................................................................................

ਭਾਗ - ਅ

ਲੇਖ ਵਿਚਲੀਆਂ ਖਾਲੀ ਥਾਂਵਾਂ ਭਰੋ।

286. ਸ੍ਰੀ ਗੁਰੂ ਨਾਨਕ ਦੇਵ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਸਿੱਖ ਧਰਮ ਦੇ ...................... ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ 15-04-1469 ਈਸਵੀ ਨੂੰ ਰਾਇ ਭੋਇ ਦੀ ਤਲਵੰਡੀ ਪਾਕਿਸਤਾਨ ਵਿੱਚ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਤਾ ਜੀ ਦਾ ਨਾਮ ......................ਅਤੇ ਮਾਤਾ ਦਾ ਨਾਮ ਤ੍ਰਿਪਤਾ ਦੇਵੀ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਭੈਣ ਦਾ ਨਾਮ................ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਿਆਹ ਬੀਬੀ ਸੁਲੱਖਣੀ ਨਾਲ ਹੋਇਆ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੌਲਤ ਖ਼ਾਨ ਲੋਧੀ ਦੇ .................. ਖਾਨੇ ਵਿੱਚ ਨੌਕਰੀ ਵੀ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਸੁਲਤਾਨਪੁਰ ਵਿਖੇ................ ਨਦੀ ਵਿੱਚ ਇਸ਼ਨਾਨ ਕਰਨ ਗਏ ਅਤੇ ..................ਦਿਨ ਅਲੋਪ ਰਹੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ....................... ਉਦਾਸੀਆਂ ਕੀਤੀਆਂ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ....................ਸਾਹਿਬ ਦੀ ਰਚਨਾ ਵੀ ਕੀਤੀ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣਾ ਅੰਤਲਾ ਸਮਾਂ .................... ਵਿਚ ਬਿਤਾਇਆ। ਸ੍ਰੀ ਗੁਰੂ ਨਾਨਕ ਦੇਵ ਜੀ ਨੇ.................. ਨੂੰ ਆਪਣੀ ਗੱਦੀ ਦਾ ਵਾਰਸ ਚੁਣਿਆ ਅਤੇ ਉਨ੍ਹਾਂ ਨੂੰ ਅੰਗਦ ਨਾਮ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ 22-09-1539 ਈਸਵੀ ਨੂੰ ਜੋਤੀ ਜੋਤ ਸਮਾ ਗਏ।

287. ਵਿਸਾਖੀ ਦਾ ਅੱਖੀਂ ਡਿੱਠਾ ਮੇਲਾ

ਵਿਸਾਖੀ ਦਾ ਮੇਲਾ ਹਰ ਸਾਲ ................ ਨੂੰ ਮਨਾਇਆ ਜਾਂਦਾ ਹੈ। ਇਹ ਤਿਓਹਾਰ ......................ਦੀ ਫਸਲ ਪੱਕਣ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਐਤਕੀਂ ਮੈਂ ਵੀ ਆਪਣੇ ਪਿਤਾ ਜੀ ਨਾਲ ਮੇਲਾ ਦੇਖਣ ਲਈ ਗਿਆ। ਬਹੁਤ ਸਾਰੇ ...............ਮੇਲਾ ਦੇਖਣ ਜਾ ਰਹੇ ਸਨ। ਮੇਰੇ ਪਿਤਾ ਜੀ ਨੇ ਦੱਸਿਆ ਕਿ ਇਸ ਦਿਨ ਦਸਵੇਂ ਗੁਰੂ ...................... ਨੇ ਆਨੰਦਪੁਰ ਸਾਹਿਬ ਵਿਖੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਸੀ। ਇਸੇ ਹੀ ਦਿਨ 1919 ਈ: ਨੂੰ ਜਨਰਲ ਡਾਇਰ ਨੇ ..................ਬਾਗ ਵਿਚ ਹਜ਼ਾਰਾਂ ਲੋਕਾਂ ਤੇ ਗੋਲੀਆਂ ਚਲਾ ਕੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਮੇਲੇ ਵਿੱਚ ਕਾਫੀ ਭੀੜ ਭੜੱਕਾ ਸੀ। ਮੇਲੇ ਵਿੱਚ ਬਹੁਤ ਸਾਰੀਆਂ.............. ਲੱਗੀਆਂ ਸਨ। ਮੇਲੇ ਵਿੱਚ ਅਸੀਂ ਜਲੇਬੀਆਂ ਖਾਧੀਆਂ। ਮੇਲੇ ਵਿਚ ਅਸੀਂ ............. ਵਿੱਚ ਝੂਟੇ ਲਏ। ਫਿਰ ਅਸੀਂ ਭਾਲੂ ਦਾ ਤਮਾਸ਼ਾ ਦੇਖਿਆ। ਜਿਉਂ ਜਿਉਂ ਦਿਨ ਬੀਤ ਰਿਹਾ ਸੀ ਮੇਲੇ ਵਿੱਚ ............. ਵਧ ਰਹੀ ਸੀ। ਏਨੇ ਨੂੰ ਸੂਰਜ .............. ਲੱਗਾ । ਮੇਲੇ ਵਿੱਚੋਂ ਅਸੀਂ ਘਰਦਿਆਂ ਲਈ ਮਠਿਆਈ ਅਤੇ ਛੋਟੇ ਭੈਣ ਭਰਾਵਾਂ ਲਈ .................. ਖ਼ਰੀਦੇ ਅਤੇ ਘਰ ਵਾਪਸ ਆ ਗਏ।

288. ਸ੍ਰੀ ਗੁਰੂ ਗੋਬਿੰਦ ਸਿੰਘ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22-12-1666 ਨੂੰ ........................ਵਿਖੇ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਜੀ ਦਾ ਨਾਮ ................................ ਅਤੇ ਮਾਤਾ ਜੀ ਦਾ ਨਾਮ ਮਾਤਾ ਗੁਜਰੀ ਜੀ ਹੈ। 1672 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਟਨਾ ਸ਼ਹਿਰ ਛੱਡ ਕੇ ....................ਸਾਹਿਬ ਵਿਖੇ ਆ ਗਏ। ਇੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ਼ਸਤਰ ਵਿੱਦਿਆ ਦੇ ਨਾਲ ਨਾਲ ਧਾਰਮਿਕ ਵਿੱਦਿਆ ਵੀ ਹਾਸਲ ਕੀਤੀ। ਨੌਂ ਸਾਲ ਦੀ ਉਮਰ ਵਿੱਚ ਪਿਤਾ ਜੀ ਦੀ ਸ਼ਹੀਦੀ ਤੋਂ ਬਾਅਦ ਆਪ ਸਿੱਖ ਧਰਮ ਦੇ ........................ ਗੁਰੂ ਬਣੇ। 1699 ਈ: ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ...................... ਵਾਲੇ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਪਹਾੜੀ ਰਾਜਿਆਂ ਅਤੇ ਮੁਗਲਾਂ ਨਾਲ ਕਈ ਲੜਾਈਆਂ ਲੜਨੀਆਂ ਪਈਆਂ। ਇਨ੍ਹਾਂ ਲੜਾਈਆਂ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ

ਅਨੰਦਪੁਰ ਛੱਡਣਾ ਪਿਆ। ਇਨ੍ਹਾਂ ਲੜਾਈਆਂ ਦੇ ਦੌਰਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਪਰਿਵਾਰ ਤੋਂ ...........................ਨਦੀ ਦੇ ਕਿਨਾਰੇ ਤੇ ਵਿੱਛੜ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਸਰਹਿੰਦ ਦੇ ਨਵਾਬ ......................... ਨੇ ਨੀਂਹਾਂ ਵਿੱਚ ਚਿਣਵਾ ਦਿੱਤੇ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਦੀ ਲੜਾਈ ਵਿੱਚ ................ ਹੋ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੀਨਾ ਕਾਂਗੜ ਨਾਂ ਦੇ ਸਥਾਨ ਤੇ ਮੁਗਲ ਬਾਦਸ਼ਾਹ ਔਰੰਗਜ਼ੇਬ ਨੂੰ ................ ਨਾਂ ਦਾ ਪੱਤਰ ਲਿਖਿਆ। ਉਸ ਤੋਂ ਉਪਰੰਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ......................ਨੂੰ ਜੋਤੀ ਜੋਤ ਸਮਾ ਗਏ।

289. ਦਿਵਾਲ਼ੀ

ਦਿਵਾਲ਼ੀ ਭਾਰਤ ਦਾ ਪ੍ਰਮੁੱਖ...............ਹੈ ।ਇਹ ਹਿੰਦੂਆਂ ਅਤੇ ਸਿੱਖਾਂ ਦਾ...............ਤਿਉਹਾਰ ਹੈ। ਦਿਵਾਲ਼ੀ ਦਾ ਤਿਉਹਾਰ ਬੜੀ...........ਨਾਲ਼ ਸਾਰੇ ਭਾਰਤ ਵਿੱਚ ਮਨਾਇਆ ਜਾਂਦਾ ਹੈ। ਇਹ ਤਿਉਹਾਰ ਦੁਸਹਿਰੇ ਤੋ........... ਦਿਨ ਬਾਅਦ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਹੈ। ਦਿਵਾਲ਼ੀ ਵਾਲੇ ਦਿਨ ਸ੍ਰੀ..................... ਜੀ ਰਾਵਣ ਤੇ ਜਿੱਤ ਪ੍ਰਾਪਤ ਕਰਕੇ ਅਤੇ............ ਸਾਲ ਦਾ ਬਨਵਾਸ ਕੱਟ ਕੇ ਅਯੁੱਧਿਆ ਵਾਪਸ ਪਰਤੇ ਸਨ। ਅਯੁੱਧਿਆ ਵਾਪਸ ਆਉਣ ਦੀ ਖ਼ੁਸ਼ੀ ਵਿਚ ਸਾਰੇ ਸ਼ਹਿਰ ਵਿੱਚ................ਕੀਤੀ ਗਈ। ਇਸੇ ਦਿਨ ਸਿੱਖਾਂ ਦੇ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਸਹਿਬ ਜੀ ਬਵੰਜਾ ਰਾਜਿਆਂ ਸਮੇਤ........... ਦੇ ਕਿਲ੍ਹੇ ਵਿਚੋਂ ਰਿਹਾਅ ਹੋ ਕੇ ਆਏ ਸਨ। ਪੰਜਾਬ ਵਿੱਚ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਵਾਲੀ ਹੁੰਦੀ ਹੈ। ਇਸ ਬਾਰੇ ਇਕ ਅਖਾਣ ਵੀ ਹੈ-

"ਦਾਲ ਰੋਟੀ ਘਰ ਦੀ,<br>
ਦੀਵਾਲੀ...........ਦੀ।"

ਲੋਕ ਦੀਵਾਲੀ ਤੋਂ ਪਹਿਲਾਂ ਆਪਣੇ ਘਰਾਂ ਤੇ ਦੁਕਾਨਾਂ ਦੀ ਸਫ਼ਾਈ ਕਰਦੇ ਹਨ ਅਤੇ ਦੀਵਾਲੀ ਵਾਲੇ ਦਿਨ...........ਦੀ ਪੂਜਾ ਵੀ ਕੀਤੀ ਜਾਂਦੀ ਹੈ । ਲੋਕ ਰੰਗ ਬਿਰੰਗੇ ਕੱਪੜੇ ਪਾਉਂਦੇ ਹਨ ਅਤੇ ਮਠਿਆਈਆਂ ਖ਼ਰੀਦੀਆਂ ਜਾਂਦੀਆਂ ਹਨ। ਰਾਤ ਨੂੰ ਘਰਾਂ ਵਿੱਚ ਦੀਪਮਾਲਾ ਕੀਤੀ ਜਾਂਦੀ ਹੈ । ਹਰ ਪਿੰਡ ਤੇ ਸ਼ਹਿਰ ਰਾਤ ਵੇਲੇ ਰੌਸ਼ਨੀ ਨਾਲ ਜਗਮਗਾ ਰਿਹਾ ਹੁੰਦਾ ਹੈ । ਦੀਵਾਲੀ ਇਕ ਅਜਿਹਾ ਤਿਉਹਾਰ ਹੈ ਜਿਸ ਦਾ ਇੰਤਜ਼ਾਰ ਸਾਰੇ ਛੋਟੇ- ਵੱਡੇ ਕਰਦੇ ਹਨ ।

ਭਾਰਤ ਦੀ ਆਜ਼ਾਦੀ ਦੇ ਸੰਘਰਸ਼ ਵਿਚ ਸ਼ਹੀਦ.................. ਸਿੰਘ ਦੀ ਮਹੱਤਵਪੂਰਨ ਭੂਮਿਕਾ ਹੈ । ਭਾਰਤ ਦੀ ਆਜ਼ਾਦੀ ਲਈ ਉੱਠੀ ਲਹਿਰ ਵਿੱਚ ਉਸ ਨੇ ਵਿਸ਼ੇਸ਼ ਤੌਰ ਤੇ ਭਾਗ ਲਿਆ। ਸ਼ਹੀਦ ਭਗਤ ਸਿੰਘ ਦਾ ਜਨਮ............ ਈਸਵੀ ਨੂੰ ਜ਼ਿਲ੍ਹਾ ਲਾਇਲਪੁਰ ਦੇ ਪਿੰਡ ਬੰਗਾ ਚੱਕ 105 ਵਿੱਚ ਹੋਇਆ । ਆਪ ਜੀ ਦੇ ਪਿਤਾ ਦਾ ਨਾਂ..........................ਅਤੇ ਮਾਤਾ ਦਾ ਨਾਂ ਵਿਦਿਆਵਤੀ ਸੀ । ਆਪ ਦੇ ਚਾਚਾ .................. ਇੱਕ ਉੱਘੇ ਦੇਸ਼ ਭਗਤ ਸਨ। ਜਿਨ੍ਹਾਂ ਨੇ "ਪੱਗੜੀ ਸੰਭਾਲ ਜੱਟਾ" ਦੀ ਲਹਿਰ ਚਲਾਈ। ਆਪ ਨੇ ਨੈਸ਼ਨਲ ਕਾਲਜ............... ਤੋਂ ਐਮ. ਏ. ਪਾਸ ਕੀਤੀ । ਉਸ ਸਮੇਂ ਦੇਸ਼ ਵਿੱਚ ਇਨਕਲਾਬੀ ਲਹਿਰ ਜ਼ੋਰਾਂ ਤੇ ਸੀ। ਸ਼ਹੀਦ ਕਰਤਾਰ ਸਿੰਘ ਸਰਾਭਾ ਦੀ................ਦਾ ਆਪ ਦੇ ਮਨ ਤੇ ਬਹੁਤ ਡੂੰਘਾ ਅਸਰ ਪਿਆ। ਉਨ੍ਹਾਂ ਦਿਨਾਂ ਵਿੱਚ ਗਰਮ ਖਿਆਲੀ ਨੌਜਵਾਨ ਭਾਰਤੀਆਂ ਨੇ ਕਈ ਜਥੇਬੰਦੀਆਂ ਜਿਵੇਂ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ, ਹਿੰਦੋਸਤਾਨ ਰਿਪਬਲੀਕਨ ਆਰਮੀ ਅਤੇ ਨੌਜਵਾਨ ਭਾਰਤ ਸਭਾ ਆਦਿ ਬਣਾਈਆਂ। ਭਗਤ ਸਿੰਘ ਇਨ੍ਹਾਂ ਸਾਰੀਆਂ ਜਥੇਬੰਦੀਆਂ ਦੇ ਆਗੂ ਸਨ। 1927 ਈਸਵੀ ਵਿੱਚ ਨੌਜਵਾਨ ਭਾਰਤ ਸਭਾ ਬਹੁਤ ਸਰਗਰਮ ਹੋ ਗਈ। ਭਗਤ ਸਿੰਘ ਨੇ ਅੰਗਰੇਜ਼ ਪੁਲੀਸ ਅਫਸਰ ਸਾਂਡਰਸ ਨੂੰ ਗੋਲੀ ਮਾਰ ਕੇ.......................ਜੀ ਦੀ ਮੌਤ ਦਾ ਬਦਲਾ ਲਿਆ। ਆਪ ਨੇ ਸੁਖਦੇਵ ਅਤੇ ਰਾਜਗੁਰੂ ਨਾਲ ਮਿਲ ਕੇ ਅਸੈਂਬਲੀ ਵਿੱਚ ..............ਸੁੱਟਿਆ ਅਤੇ ਪੋਸਟਰ ਵੀ ਵੰਡੇ। ਆਪ 'ਤੇ ਕਈ ਮੁਕੱਦਮੇ ਚਲਾਏ ਗਏ। ਅਖ਼ੀਰ 23 ਮਾਰਚ ,1931 ਈਸਵੀ ਨੂੰ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਰਾਜਗੁਰੂ ਤੇ ਸੁਖਦੇਵ ਨਾਲ ਫਾਂਸੀ 'ਤੇ ਲਟਕਾ ਦਿੱਤਾ ਗਿਆ। ਆਪ ਨੇ ਹੱਸਦੇ- ਹੱਸਦੇ ਫਾਂਸੀ ਤੇ ਚੜ੍ਹ ਕੇ ਭਾਰਤ ਲਈ..................... ਦਿੱਤੀ। ਭਾਰਤ ਵਾਸੀਆਂ ਨੂੰ ਭਗਤ ਸਿੰਘ ਵਰਗੇ ਦੇਸ਼ ਭਗਤਾਂ ਉਤੇ ਮਾਣ ਹੈ। ਆਪ ਦਾ ਨਾਂ ਸਦਾ ਅਮਰ ਰਹੇਗਾ।

291. ਫੀਸ ਮਾਫ਼ ਕਰਾਉਣ ਲਈ ਬਿਨੈ ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਸਾਹਿਬ,

......................ਸਕੂਲ

..........................।

ਸ੍ਰੀਮਾਨ/ਸ੍ਰੀਮਤੀ ਜੀ

ਸਨਿਮਰ ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ .............. ਜਮਾਤ ਦਾ ਵਿਦਿਆਰਥੀ/ਵਿਦਿਆਰਥਣ ਹਾਂ। ਮੇਰੇ ਪਿਤਾ ਜੀ ਇਕ ਛੋਟੇ ਦੁਕਾਨਦਾਰ ਹਨ । ਉਨ੍ਹਾਂ ਦੀ ਆਮਦਨ ਬਹੁਤ ਘੱਟ ਹੈ। ਮੇਰੇ ਦੋ ਵੱਡੇ ਭੈਣ ਭਰਾ ਵੀ ਕਾਲਜ ਵਿੱਚ ਪੜ੍ਹਦੇ ਹਨ। ਮੇਰੇ ਪਿਤਾ ਜੀ ਸਾਡੇ ਤਿੰਨਾਂ ਭੈਣ ਭਰਾਵਾਂ ਦੀ ਪੜ੍ਹਾਈ ਦਾ ਖਰਚਾ ਪੂਰਾ ਨਹੀਂ ਕਰ ਸਕਦੇ। ਇਸ ਕਾਰਨ ਉਹ ਮੇਰੀ ਪੜ੍ਹਾਈ ਬੰਦ ਕਰਨਾ ਚਾਹੁੰਦੇ ਹਨ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਕ ਹੈ। ਮੈਂ ਹਰ ਸਾਲ ਆਪਣੀ ਜਮਾਤ ਵਿੱਚ ਪਹਿਲੇ ਨੰਬਰ ਤੇ ਆਉਂਦਾ ਹਾਂ। ਕਿਰਪਾ ਕਰਕੇ ਮੇਰੀ ਫ਼ੀਸ ਮੁਆਫ਼ ਕੀਤੀ ਜਾਵੇ।

ਮੈਂ ਆਪ ਜੀ ਦਾ ਅਤੀ ਧੰਨਵਾਦੀ ਹੋਵਾਂਗਾ ।

ਆਪ ਜੀ ਦਾ ਆਗਿਆਕਾਰ

....................................

ਰੋਲ ਨੰਬਰ ..................

ਜਮਾਤ .................

292. ਸਕੂਲ ਦੇ ਮੁੱਖ ਅਧਿਆਪਕ ਤੋਂ ਮੈਚ ਦੇਖਣ ਜਾਣ ਦੀ ਇਜਾਜ਼ਤ ਲੈਣ ਸਬੰਧੀ ਬਿਨੈ ਪੱਤਰ ਲਿਖੋ।

ਸੇਵਾ ਵਿਖੇ

ਮੁੱਖ ਅਧਿਆਪਕ ਸਾਹਿਬ

..............................................ਸਕੂਲ

.....................................................

ਸ੍ਰੀਮਾਨ/ਸ੍ਰੀਮਤੀ ਜੀ

ਬੇਨਤੀ ਹੈ ਕਿ ਸਾਡੇ ਸਕੂਲ ਦੀ ਹਾਕੀ ਦੀ ਟੀਮ ਜ਼ਿਲ੍ਹਾ ਪੱਧਰ ਤੇ ਮੈਚ ਖੇਡਣ ਲਈ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ........................ਵਿਖੇ ਜਾ ਰਹੀ ਹੈ। ਹਾਕੀ ਮੇਰੀ ਮਨਪਸੰਦ ਖੇਡ ਹੈ। ਮੈਂ ਆਪ ਜੀ ਕੋਲੋਂ ਕੱਲ੍ਹ ਮਿਤੀ ....................................ਨੂੰ ਹੋਣ ਵਾਲੇ ਮੈਚ ਨੂੰ ਦੇਖਣ ਜਾਣ ਦੀ ਆਗਿਆ ਚਾਹੁੰਦਾ ਹਾਂ । ਮੈਨੂੰ ਉਮੀਦ ਹੈ ਕਿ ਤੁਸੀਂ ਮੈਨੂੰ ਨਿਰਾਸ਼ ਨਹੀਂ ਕਰੋਗੇ।

ਮੈਂ ਆਪ ਜੀ ਦਾ ਅਤੀ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ

..........................

ਜਮਾਤ ....................

293. ਪੋਸਟ ਮਾਸਟਰ ਸਾਹਿਬ ਵੱਲ ਡਾਕੀਏ ਦੀ ਸ਼ਿਕਾਇਤ ਲਈ ਪੱਤਰ ਲਿਖੋ।

ਸੇਵਾ ਵਿਖੇ,

ਪੋਸਟ ਮਾਸਟਰ ਸਾਹਿਬ,

.......................ਪੋਸਟ ਆਫਿਸ,

......................................।

ਸ੍ਰੀਮਾਨ/ਸ੍ਰੀਮਤੀ ਜੀ,

ਬੇਨਤੀ ਹੈ ਕਿ ਮੈਂ ...................... ਦਾ ਰਹਿਣ ਵਾਲਾ ਹਾਂ। ਸਾਡੇ ਇਲਾਕੇ ਦੇ ਡਾਕੀਏ ਦਾ ਨਾਂ .................... ਹੈ। ਮੈਂ ਆਪ ਜੀ ਦਾ ਧਿਆਨ ਇਸ ਡਾਕੀਏ ਦੇ ਲਾਪਰਵਾਹ ਅਤੇ ਗੈਰ ਜ਼ਿੰਮੇਵਾਰਾਨਾ ਰਵੱਈਏ ਵੱਲ ਲਿਆਉਣਾ ਚਾਹੁੰਦਾ ਹਾਂ। ਇਹ ਆਦਮੀ ਆਪਣੀ ਡਿਊਟੀ ਠੀਕ ਤਰ੍ਹਾਂ ਨਾਲ ਨਹੀਂ ਨਿਭਾ ਰਿਹਾ। ਉਹ ਅਕਸਰ ਚਿੱਠੀਆਂ ਚਾਰ ਪੰਜ ਦਿਨ ਪਛੜ ਕੇ ਵੰਡਦਾ ਹੈ । ਡਾਕ ਵੰਡਣ ਸਮੇਂ ਵੀ ਉਹ ਚਿੱਠੀਆਂ ਘਰਾਂ ਦੇ ਬਾਹਰ ਲੱਗੇ ਬਕਸਿਆਂ ਚ ਪਾਉਣ ਦੀ ਬਜਾਏ ਦਰਵਾਜ਼ੇ ਵਿੱਚ ਸੁੱਟ ਜਾਂਦਾ ਹੈ। ਜਿਨ੍ਹਾਂ ਨੂੰ ਕਈ ਵਾਰ ਮੁਹੱਲੇ ਦੇ ਸ਼ਰਾਰਤੀ ਬੱਚੇ ਇੱਧਰ ਉੱਧਰ ਸੁੱਟ ਦਿੰਦੇ ਹਨ। ਇਸ ਨਾਲ ਕਈਆਂ ਨੂੰ ਚਿੱਠੀਆਂ ਸਮੇਂ ਸਿਰ ਨਹੀਂ ਪਹੁੰਚਦੀਆਂ ਤੇ ਉਨ੍ਹਾਂ ਨੂੰ ਨੁਕਸਾਨ ਉਠਾਉਣਾ ਪੈਂਦਾ ਹੈ ।

ਆਪ ਅੱਗੇ ਬੇਨਤੀ ਹੈ ਕਿ ਇਸ ਡਾਕੀਏ ਨੂੰ ਹਿਦਾਇਤ ਕਰੋ ਕਿ ਉਹ ਆਪਣਾ ਫ਼ਰਜ਼ ਪਛਾਣੇ ਅਤੇ ਆਪਣੀ ..................ਠੀਕ ਤਰ੍ਹਾਂ ਨਾਲ ਨਿਭਾਵੇ।

ਧੰਨਵਾਦ ਸਹਿਤ।

ਆਪ ਦਾ ਵਿਸ਼ਵਾਸਪਾਤਰ

....................................

..

294. ## ਜੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ

ਸੇਵਾ ਹਿੱਤ

ਮੁੱਖ ਅਧਿਆਪਕ ਸਾਹਿਬ,

............................,

............................|

ਸ੍ਰੀਮਾਨ/ ਸ੍ਰੀਮਤੀ ਜੀ

ਬੇਨਤੀ ਹੈ ਕਿ ਮੈਂ ਆਪ ਦੇ ਸਕੂਲ ਵਿਚ .............. ਜਮਾਤ ਵਿੱਚ ਪੜ੍ਹਦਾ ਹਾਂ। ਮੈਂ ਸਵੇਰੇ ਜਦ ਸਕੂਲ ਆ ਰਿਹਾ ਸੀ ਤਾਂ ਰਸਤੇ ਵਿਚ ਮੇਰਾ ਸਾਈਕਲ ਖ਼ਰਾਬ ਹੋ ਗਿਆ। ਮੈਨੂੰ ਰਸਤੇ ਵਿੱਚ ਨਾ ਹੀ ਕੋਈ ਸਾਈਕਲ ਠੀਕ ਕਰਨ ਵਾਲ਼ਾ ਮਿਲਿਆ ਅਤੇ ਨਾ ਕੋਈ ਦੁਕਾਨ ਹੀ ਖੁੱਲ੍ਹੀ ਹੋਈ ਮਿਲੀ ਕਿ ਜਿਸ ਤੋਂ ਮੈਂ ਆਪਣਾ ਸਾਈਕਲ ਦੀਆਂ ਬਰੇਕਾਂ ਠੀਕ ਕਰਵਾ ਸਕਾਂ। ਮੈਂ ਬਹੁਤ ਦੇਰ ਨਾਲ ਸਕੂਲ ਪਹੁੰਚਿਆ। ਮੇਰੀ ਜਮਾਤ ਦੇ ਅਧਿਆਪਕ ਜੀ ਨੇ ਮੈਨੂੰ ਪੰਜਾਹ ਰੁਪਏ ਜੁਰਮਾਨਾ ਕਰ ਦਿੱਤਾ ਹੈ। ਮੈਂ ਆਪਣੀ ਮਜਬੂਰੀ ਉਨ੍ਹਾਂ ਨੂੰ ਦੱਸੀ ਪਰ ਉਨ੍ਹਾਂ ਨੇ ਜੁਰਮਾਨਾ ਦੇਣ ਵਾਸਤੇ ਕਿਹਾ ਹੈ। ਮੈਂ ਗ਼ਰੀਬ ਪਰਿਵਾਰ ਨਾਲ ਸੰਬੰਧ ਰੱਖਦਾ ਹਾਂ। ਮੇਰੇ ਪਿਤਾ ਜੀ ਇਹ ਜੁਰਮਾਨਾ ਨਹੀਂ ਦੇ ਸਕਦੇ। ਕਿਰਪਾ ਕਰਕੇ ਮੇਰਾ ਜੁਰਮਾਨਾ ਮਾਫ ਕੀਤਾ ਜਾਵੇ ਜੀ।

ਧੰਨਵਾਦ ਸਹਿਤ ।

ਆਪ ਜੀ ਦਾ ਆਗਿਆਕਾਰ

ਜਮਾਤ........................

ਰੋਲ ਨੰਬਰ...................

**295.** ਆਪਣੇ ਸਕੂਲ ਦੇ ਮੁੱਖ ਅਧਿਆਪਕ/ਅਧਿਆਪਕਾ ਨੂੰ ਪੰਜਵੀਂ ਪਾਸ ਕਰ ਕੇ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਲਈ ਅਰਜ਼ੀ ਲਿਖੋ।

ਸੇਵਾ ਵਿਖੇ

ਮੁੱਖ....................ਜੀ,

ਸਰਕਾਰੀ ਪ੍ਰਾਇਮਰੀ ਸਕੂਲ...............,

ਜ਼ਿਲ੍ਹਾ ..............................।

ਵਿਸ਼ਾ:- ਪੰਜਵੀਂ ਪਾਸ ਕਰ ਕੇ ਸਕੂਲ ਛੱਡਣ ਦਾ ਸਰਟੀਫ਼ਿਕੇਟ ਲੈਣ ਸਬੰਧੀ।

ਸ੍ਰੀਮਾਨ/ਸ੍ਰੀਮਤੀ ਜੀ,

ਬੇਨਤੀ ਹੈ ਕਿ ਮੈਂ ਸੈਸ਼ਨ ................. ਵਿੱਚ ਜਮਾਤ ਪੰਜਵੀਂ ਦੇ ਬੋਰਡ ਦੇ ਪੇਪਰ ਦਿੱਤੇ ਸਨ।ਮੈਂ ਹੁਣ ਜਮਾਤ ............ ਵਿੱਚ ਦਾਖਲਾ ਲੈਣਾ ਹੈ।ਕਿਰਪਾ ਕਰ ਕੇ ਮੈਨੂੰ ਪੰਜਵੀਂ ਪਾਸ ਕਰ ਕੇ ਸਕੂਲ ਛੱਡਣ ਦਾ ਸਰਟੀਫ਼ਿਕੇਟ ਦਿੱਤਾ ਜਾਵੇ।

ਧੰਨਵਾਦ ਸਹਿਤ,

ਆਪ **ਜੀ ਦਾ** ਆਗਿਆਕਾਰੀ,

ਨਾਂ:.......................,

ਜਮਾਤ: ਪੰਜਵੀਂ।

**ਨਿਮਨਲਿਖਤ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ।**

**296. ੳ) ਉੱਲੂ ਸਿੱਧਾ ਕਰਨਾ**

**ਅ) ਅੱਖਾਂ ਫੇਰ ਲੈਣੀਆਂ**

297. ੳ) ਗੁੱਡੀ ਚੜ੍ਹਨੀ

ਅ) ਤੀਰ ਹੋ ਜਾਣਾ

298. ੳ) ਦੰਦ ਖੱਟੇ ਕਰਨਾ

ਅ) ਹੱਥ ਤੰਗ ਹੋਣਾ

299. ੳ) ਈਨ ਮੰਨਣੀ

ਅ) ਇੱਕ ਮੁੱਠ ਹੋਣਾ

300. ੳ) ਕਲਮ ਦਾ ਧਨੀ

ਅ) ਗਲ਼ ਪੈਣਾ

# ਜਮਾਤ ਅੱਠਵੀਂ , ਪੰਜਾਬੀ ਪਹਿਲੀ ਭਾਸ਼ਾ

# ਅਕਾਦਮਿਕ ਸਾਲ 2022-23

# ਵਿਲੱਖਣ ਪ੍ਰਤਿਭਾ ਵਾਲੇ ਬੱਚਿਆਂ ਲਈ ਪ੍ਰਸ਼ਨ ਬੈਂਕ ਦੀ ਉੱਤਰ ਕੁੰਜੀ

## ਭਾਗ- ੳ

1. ਦਿੱਤੇ ਗਏ ਵਿਕਲਪਾਂ ਵਿੱਚੋਂ ਸਹੀ ਵਿਕਲਪ ਤੇ ਗੋਲਾ ਲਾਓ ।

| | |
|---|---|
| 1 | 2 |
| 2 | 1 |
| 3 | 3 |
| 4 | 2 |
| 5 | 1 |
| 6 | 1 |
| 7 | 2 |
| 8 | 3 |
| 9 | 2 |
| 10 | 1 |
| 11 | 4 |
| 12 | 2 |
| 13 | 2 |
| 14 | 2 |
| 15 | 1 |
| 16 | 3 |
| 17 | 3 |
| 18 | 2 |
| 19 | 3 |
| 20 | 2 |

| | |
|---|---|
| 21 | 4 |
| 22 | 2 |
| 23 | 2 |
| 24 | 4 |
| 25 | 2 |
| 26 | 1 |
| 27 | 4 |
| 28 | 2 |
| 29 | 2 |
| 30 | 3 |
| 31 | 3 |
| 32 | 2 |
| 33 | 3 |
| 34 | 3 |
| 35 | 2 |
| 36 | 2 |
| 37 | 2 |
| 38 | 2 |
| 39 | 2 |
| 40 | 2 |

| | |
|---|---|
| 41 | 4 |
| 42 | 3 |
| 43 | 3 |
| 44 | 4 |
| 45 | 4 |
| 46 | 4 |
| 47 | 3 |
| 48 | 3 |
| 49 | 2 |
| 50 | 2 |
| 51 | 3 |
| 52 | 4 |
| 53 | 3 |
| 54 | 1 |
| 55 | 4 |
| 56 | 1 |
| 57 | 2 |
| 58 | 1 |
| 59 | 2 |
| 60 | 2 |

2. ਮਿਲਾਣ ਕਰੋ

| | |
|---|---|
| 61 | 5 |
| 62 | 1 |
| 63 | 2 |
| 64 | 4 |
| 65 | 3 |
| 66 | 2 |
| 67 | 3 |
| 68 | 4 |
| 69 | 1 |
| 70 | 5 |
| 71 | 4 |
| 72 | 1 |
| 73 | 2 |
| 74 | 5 |
| 75 | 3 |
| 76 | 3 |
| 77 | 4 |
| 78 | 2 |
| 79 | 1 |
| 80 | 5 |

| | |
|---|---|
| 81 | 5 |
| 82 | 1 |
| 83 | 2 |
| 84 | 3 |
| 85 | 4 |
| 86 | 5 |
| 87 | 1 |
| 88 | 4 |
| 89 | 2 |
| 90 | 3 |
| 91 | 3 |
| 92 | 2 |
| 93 | 1 |
| 94 | 5 |
| 95 | 4 |
| 96 | 4 |
| 97 | 2 |
| 98 | 1 |
| 99 | 3 |
| 100 | 5 |

| | |
|---|---|
| 101 | 2 |
| 102 | 5 |
| 103 | 4 |
| 104 | 1 |
| 105 | 3 |
| 106 | 5 |
| 107 | 2 |
| 108 | 1 |
| 109 | 3 |
| 110 | 4 |
| 111 | 4 |
| 112 | 1 |
| 113 | 5 |
| 114 | 2 |
| 115 | 3 |
| 116 | 5 |
| 117 | 1 |
| 118 | 2 |
| 119 | 3 |
| 120 | 4 |

3. ਖਾਲੀ ਥਾਂਵਾਂ ਭਰੋ

| | |
|---|---|
| 121 | ਸੋਮਨਾਥ |
| 122 | ਸੜਕ |
| 123 | ਮੱਘਰ |
| 124 | ਪੰਜਵੇਂ |
| 125 | ਤਾਰੇ |
| 126 | ਸੁਖਣਾ |
| 127 | ਪਸ਼ੂਆਂ |
| 128 | ਪਾਕਪਟਨ |
| 129 | ਭੀਖੂ |
| 130 | ਤੀਆਂ |
| 131 | ਆਲਸ |
| 132 | ਸੂਰਜ |
| 133 | ਜਹਾਜ਼ਾਂ |
| 134 | ਅਮ੍ਰਿਤਸਰ |
| 135 | ਕੋਲਕਾਤਾ |
| 136 | ਘਰ |
| 137 | ਗੁਲਾਬ |
| 138 | ਕੰਧ |
| 139 | ਠੰਡ |
| 140 | ਲੋਹੜੀ |
| 141 | ਫੌਜ |
| 142 | ਖੇਡ |

| | |
|---|---|
| 143 | ਵਿਹੜਾ |
| 144 | ਖੁਸ਼ੀਆਂ |
| 145 | ਸੌਣ |
| 146 | ਚੋਗਾ |
| 147 | ਡਾਇਨਾਸੋਰ |
| 148 | ਸ਼੍ਰੀਇੰਦਰ ਕੁਮਾਰ ਗੁਜਰਾਲ |
| 149 | ਬੁੱਤਘਾੜਾ |
| 150 | ਕੁਦਰਤ |
| 151 | ਬਲਦਾਂ |
| 152 | ਗੁੜ |
| 153 | ਗਰਾਹੀ |
| 154 | ਬੁਰਕੀ |
| 155 | ਪੰਛੀਆਂ |
| 156 | ਬੰਦਰਗਾਹ |
| 157 | ਕੱਟੇ |
| 158 | ਰੇਹੜੀ |
| 159 | ਗੁਆਢੀਆਂ ਦੇ ਘਰ |
| 160 | ਭਵਿੱਖ |
| 161 | ਕੰਧੀ |
| 162 | ਸਟੋਰ |
| 163 | ਗੱਲਾਂ |
| 164 | ਰੋਟੀ |

| | |
|---|---|
| 165 | ਆਦਰਸ਼ ਅਧਿਆਪਕਾ |
| 166 | ਸ਼ਿਵ ਕੁਮਾਰ ਬਟਾਲਵੀ |
| 167 | ਕਹਾਣੀ |
| 168 | ਛਰਾਹਾਂ |
| 169 | ਗੁਰੂ ਰਾਮ ਦਾਸ ਜੀ |
| 170 | ਸ਼੍ਰੀ ਗੁਰੂ ਗ੍ਰੰਥ ਸਾਹਿਬ |
| 171 | ਮਨ |
| 172 | ਫੁੱਟਬਾਲ |
| 173 | ਸੁਖਣਾ |
| 174 | ਗਿਆਰ੍ਹਵੀਂ |
| 175 | ਕੋਠੀਵਾਲ |
| 176 | ਭੂਗੋਲਿਕ |
| 177 | ਪੁੱਤਰ |
| 178 | ਜ਼ੀਰਾ |
| 179 | ਸਕੂਲ |
| 180 | ਤਿਲ |
| 181 | ਹਾਕੀ |
| 182 | ਮਣ੍ਹੇ |
| 183 | 2005 |
| 184 | ਚੁੱਲ੍ਹੇ |
| 185 | ਬਲਦਾਂ |

4. ਸਹੀ/ਗਲਤ

| | |
|---|---|
| 186 | ਸਹੀ |
| 187 | ਗਲਤ |
| 188 | ਸਹੀ |
| 189 | ਸਹੀ |
| 190 | ਸਹੀ |
| 191 | ਗਲਤ |
| 192 | ਸਹੀ |
| 193 | ਸਹੀ |
| 194 | ਗਲਤ |
| 195 | ਸਹੀ |
| 196 | ਗਲਤ |
| 197 | ਗਲਤ |
| 198 | ਸਹੀ |
| 199 | ਸਹੀ |
| 200 | ਸਹੀ |
| 201 | ਗਲਤ |
| 202 | ਸਹੀ |
| 203 | ਸਹੀ |
| 204 | ਗਲਤ |
| 205 | ਸਹੀ |
| 206 | ਸਹੀ |
| 207 | ਸਹੀ |

| | |
|---|---|
| 208 | ਸਹੀ |
| 209 | ਗਲਤ |
| 210 | ਗਲਤ |
| 211 | ਸਹੀ |
| 212 | ਗਲਤ |
| 213 | ਸਹੀ |
| 214 | ਗਲਤ |
| 215 | ਸਹੀ |
| 216 | ਸਹੀ |
| 217 | ਗਲਤ |
| 218 | ਗਲਤ |
| 219 | ਗਲਤ |
| 220 | ਸਹੀ |
| 221 | ਗਲਤ |
| 222 | ਸਹੀ |
| 223 | ਗਲਤ |
| 224 | ਗਲਤ |
| 225 | ਸਹੀ |
| 226 | ਸਹੀ |
| 227 | ਸਹੀ |
| 228 | ਗਲਤ |
| 229 | ਗਲਤ |

| | |
|---|---|
| 230 | ਗਲਤ |
| 231 | ਸਹੀ |
| 232 | ਸਹੀ |
| 233 | ਸਹੀ |
| 234 | ਗਲਤ |
| 235 | ਸਹੀ |
| 236 | ਗਲਤ |
| 237 | ਸਹੀ |
| 238 | ਗਲਤ |
| 239 | ਸਹੀ |
| 240 | ਗਲਤ |
| 241 | ਸਹੀ |
| 242 | ਸਹੀ |
| 243 | ਸਹੀ |
| 244 | ਸਹੀ |
| 245 | ਗਲਤ |
| 246 | ਸਹੀ |
| 247 | ਸਹੀ |
| 248 | ਸਹੀ |
| 249 | ਸਹੀ |
| 250 | ਸਹੀ |

6. ਹੇਠਾਂ ਦਿੱਤੇ ਗਏ ਸੰਕੇਤਾਂ/ ਰੂਪ-ਰੇਖਾਵਾਂ ਤੇ ਅਧਾਰਿਤ ਲੇਖ ਰਚਨਾ ਕਰੋ

286. ਲੇਖ :- ਸ੍ਰੀ ਗੁਰੂ ਨਾਨਕ ਦੇਵ ਜੀ

1. ਮੋਢੀ 2. ਮਹਿਤਾ ਕਾਲੂ 3. ਨਾਨਕੀ 4.ਮੋਦੀਖਾਨੇ 5. ਵੇਈਂ

6. ਤਿੰਨ 7. ਚਾਰ 8. ਜਪੁਜੀ 9. ਕਰਤਾਰਪੁਰ ਸਾਹਿਬ

10. ਭਾਈ ਲਹਿਣਾ

287. ਲੇਖ:- ਵਿਸਾਖੀ

1.13 ਅਪ੍ਰੈਲ 2 ਕਣਕ 3 ਲੋਕ 4 ਸ੍ਰੀ ਗੁਰੂ ਗੋਬਿੰਦ ਸਿੰਘ 5 ਜ਼ਲ੍ਹਿਆਂਵਾਲ਼ਾ ਬਾਗ਼

6 ਦੁਕਾਨਾਂ 7 ਚੰਡੋਲ 8 ਭੀੜ 9 ਛਿਪਣ 10 ਖਿਡੌਣੇ

287. ਲੇਖ ਸ੍ਰੀ ਗੁਰੂ ਗੋਬਿੰਦ ਸਿੰਘ ਜੀ

**1 ਪਟਨਾ 2 ਸ੍ਰੀ ਗੁਰੂ ਤੇਗ ਬਹਾਦਰ 3 ਅਨੰਦਪੁਰ ਸਾਹਿਬ 4 ਦਸਵੇਂ 5 ਵਿਸਾਖੀ,**

**6 ਸਰਸਾ 7 ਵਜ਼ੀਰ ਖਾਂ 8 ਸ਼ਹੀਦ 9 ਜਫ਼ਰਨਾਮਾ**

**10. 1708 ਈ:**

**289 ਲੇਖ:- ਦਿਵਾਲੀ**

**1 ਤਿਉਹਾਰ 2ਸਾਂਝਾ 3 ਧੂਮਧਾਮ 4ਵੀਹ 5 ਰਾਮਚੰਦਰ**

**6 ਚੰਦਾਂ 7ਦੀਪਮਾਲਾ 8ਗਵਾਲੀਅਰ 9ਅੰਮ੍ਰਿਤਸਰ 10ਲੱਛਮੀ**

**290 ਲੇਖ- ਸ਼ਹੀਦ ਭਗਤ ਸਿੰਘ**

**1 ਭਗਤ ਸਿੰਘ 2.28 ਸਤੰਬਰ 319074ਸ. ਕਿਸ਼ਨ ਸਿੰਘ**

**5ਸ.ਅਜੀਤ ਸਿੰਘ 6ਲਾਹੌਰ 7ਸ਼ਹੀਦੀ 8 ਬੰਬ**

**9ਲਾਲਾ ਲਾਜਪਤ ਰਾਏ 10ਕੁਰਬਾਨੀ**